ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 138
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 20 May, 2026) ਬੁੱਧਵਾਰ, 20 ਮਈ, 2026, 6 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## 16 ਸਾਲ ਪੁਰਾਣੇ ਯੂ.ਏ.ਪੀ.ਏ. ਕੇਸ 'ਚ ਚਰਨਜੀਤ ਸਿੰਘ ਉਰਫ਼ ਪਟਿਆਲਵੀ ਬਰੀ

ਲੁਧਿਆਣਾ, 19 ਮਈ (ਚ.ਨ.ਸ.):ਲੁਧਿਆਣਾ ਦੀ ਸਪੈਸ਼ਲ ਯੂ.ਏ.ਪੀ.ਏ. ਅਦਾਲਤ ਦੇ ਜੱਜ ਸਰੂ ਮਹਿਤਾ ਕੌਸ਼ਿਕ ਵਲੋਂ ਥਾਣਾ ਮਾਛੀਵਾੜਾ ਵਿੱਚ 23 ਜੁਲਾਈ, 2010 ਨੂੰ ਐਫ.ਆਈ.ਆਰ. ਨੰਬਰ 154, 4, 5 ਬਾਰੂਦ ਐਕਟ ਤੇ 17, 18, 20 ਯੂ.ਏ.ਪੀ.ਏ. ਦੀਆਂ ਧਾਰਾਵਾਂ ਤਹਿਤ ਦਰਜ ਕੇਸ ਦਾ ਫ਼ੈਸਲਾ ਸੁਣਾਇਆ ਹੈ ਜਿਸ ਤਹਿਤ ਚਰਨਜੀਤ ਸਿੰਘ ਉਰਫ਼ ਪਟਿਆਲਵੀ ਵਾਸੀ ਪਿੰਡ ਬੂਟਾ ਸਿੰਘ ਵਾਲਾ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ-ਮੋਹਾਲੀ ਨੂੰ ਬਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਇਸ ਕੇਸ ਵਿੱਚ ਗੁਰਮੇਲ ਸਿੰਘ ਬੋਬਾ ਵਾਸੀ ਪਿੰਡ ਬੂਟਾ ਸਿੰਘ (ਬਾਕੀ ਸਫਾ 2 'ਤੇ)

# ਤੇਲ ਕੀਮਤਾਂ 'ਚ ਮੁੜ ਵਾਧਾ, ਪੈਟਰੋਲ 86 ਪੈਸੇ ਤੇ ਡੀਜ਼ਲ 83 ਪੈਸੇ ਹੋਇਆ ਮਹਿੰਗਾ




ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 19 ਮਈ :ਮੰਗਲਵਾਰ ਨੂੰ ਦੇਸ਼ ਭਰ ਵਿੱਚ ਪੈਟਰੋਲ ਦੀਆਂ ਕੀਮਤਾਂ 'ਚ 86 ਪੈਸੇ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 83 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ। ਇਹ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਦੂਜਾ ਵਾਧਾ ਹੈ। ਪਿਛਲਾ ਵਾਧਾ ਸ਼ੁੱਕਰਵਾਰ 15 ਮਈ ਨੂੰ 3 ਰੁਪਏ ਪ੍ਰਤੀ ਲੀਟਰ ਦਾ ਕੀਤਾ ਗਿਆ ਸੀ। ਨਵੇਂ ਵਾਧੇ ਨਾਲ ਦਿੱਲੀ 'ਚ ਪੈਟਰੋਲ ਦੀ ਨਵੀਂ ਕੀਮਤ 98.64 ਪ੍ਰਤੀ ਲੀਟਰ, ਮੁੰਬਈ 'ਚ 107.59, ਕੋਲਕਾਤਾ 'ਚ 109.70 ਅਤੇ ਚੇਨਈ 104.49 ਪ੍ਰਤੀ ਲੀਟਰ 'ਤੇ ਪਹੁੰਚ ਗਈ ਹੈ। ਇਸੇ ਤਰ੍ਹਾਂ ਡੀਜ਼ਲ ਦੀਆਂ ਨਵੀਆਂ ਕੀਮਤਾਂ ਦਿੱਲੀ 'ਚ 91.58 ਪ੍ਰਤੀ ਲੀਟਰ, ਮੁੰਬਈ 'ਚ 94.08, ਕੋਲਕਾਤਾ 'ਚ 96.08 ਅਤੇ ਚੇਨਈ 'ਚ 86.11 ਪ੍ਰਤੀ ਲੀਟਰ 'ਤੇ (ਬਾਕੀ ਸਫਾ 2 'ਤੇ)

## ਅਮਰੀਕੀ ਡਾਲਰ ਦੇ ਮੁਕਾਬਲੇ ਰੁਪੱਈਆ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੋਇਆ ਬੰਦ

ਮੁੰਬਈ, 19 ਮਈ (ਚ.ਨ.ਸ.): ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ, ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਅਤੇ ਵਿਸ਼ਵਵਿਆਪੀ ਜੋਖਮਾਂ ਤੋਂ ਬਚਣ ਦੀ ਪ੍ਰਵਿਰਤੀ ਕਾਰਨ ਮਜ਼ਬੂਤ ਹੋਏ ਡਾਲਰ ਦੇ ਦਬਾਅ ਹੇਠ ਮੰਗਲਵਾਰ ਨੂੰ ਰੁਪੱਈਆ ਅਮਰੀਕੀ ਡਾਲਰ ਦੇ ਮੁਕਾਬਲੇ 96.60 ਦੇ ਰਿਕਾਰਡ ਹੇਠਲੇ ਪੱਧਰ ਤੱਕ ਖਿਸਕ ਗਿਆ ਅਤੇ ਬਾਅਦ ਵਿੱਚ 96.52 (ਆਰਜ਼ੀ) 'ਤੇ ਬੰਦ ਹੋਇਆ। ਰੁਪੱਈਆ ਸਾਲ 2026 ਵਿੱਚ ਏਸ਼ੀਆ ਦੀ ਸਭ ਤੋਂ ਖ਼ਰਾਬ ਪ੍ਰਦਰਸ਼ਨ ਕਰਨ ਵਾਲੀ ਕਰੰਸੀ ਹੈ, ਜੋ ਅਮਰੀਕੀ ਡਾਲਰ ਦੇ ਮੁਕਾਬਲੇ 96.60 ਦੇ ਇਤਿਹਾਸਕ ਸ਼ੁਰੂਆਤੀ ਹੇਠਲੇ ਪੱਧਰ ਤੱਕ ਟੁੱਟ ਗਿਆ ਹੈ। ਇਸ ਮਹੀਨੇ ਕਰੰਸੀ ਵਿੱਚ 1.5 ਫ਼ੀਸਦੀ ਅਤੇ (ਬਾਕੀ ਸਫਾ 2 'ਤੇ)

# ਮੋਦੀ ਸਰਕਾਰ ਖਾੜੀ ਜੰਗ ਦੀ ਆੜ ਵਿੱਚ ਲੋਕਾਂ ਤੋਂ ਆਪਣੀ ਵਿਦੇਸ਼ ਤੇ ਆਰਥਿਕ ਨੀਤੀ ਦੀਆਂ ਨਾਕਾਮੀਆਂ ਲੁਕਾਉਣ ਦੀ ਕੋਸ਼ਿਸ਼ 'ਚ: ਮਾਨ

ਹਰਕੰਵਲ ਸਿੰਘ ਹੈਪੀ

================



ਸੰਗਰੂਰ , 19 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਖਾੜੀ ਜੰਗ ਦੇ ਹਾਲਾਤ ਦਾ ਲਾਹਾ ਲੈਣ ਲਈ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਕੇਂਦਰ ਆਪਣੀਆਂ ਵਿਦੇਸ਼ੀ ਅਤੇ ਆਰਥਿਕ ਨੀਤੀਆਂ ਦੀ ਨਾਕਾਮੀ ਨੂੰ ਲੁਕਾਉਣ ਲਈ ਇਸ ਜੰਗ ਨੂੰ ਢਾਲ ਵਜੋਂ ਵਰਤ ਰਹੀ ਹੈ ਅਤੇ ਦੇਸ਼ ਨੂੰ ਜਾਣਬੁੱਝ ਕੇ ਅਣਐਲਾਨੇ ਲਾਕਡਾਊਨ ਵੱਲ ਧੱਕਿਆ ਜਾ ਰਿਹਾ ਹੈ। ਕੇਂਦਰ ਵੱਲੋਂ ਲੋਕਾਂ ਨੂੰ ਸੰਜਮ ਵਰਤਣ ਲਈ ਵਾਰ-ਵਾਰ ਕੀਤੀਆਂ ਜਾ ਰਹੀਆਂ ਅਪੀਲਾਂ 'ਤੇ ਸਵਾਲ ਉਠਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਸਵਵਿਆਪੀ ਸੰਕਟ ਤੋਂ ਪ੍ਰਭਾਵਿਤ ਕਿਸੇ ਵੀ ਹੋਰ ਦੇਸ਼ ਨੇ ਆਪਣੇ ਨਾਗਰਿਕਾਂ ਨੂੰ ਪੈਟਰੋਲ, ਡੀਜ਼ਲ, ਗੈਸ ਜਾਂ ਸੋਨਾ ਖਰੀਦਣਾ ਬੰਦ ਕਰਨ ਲਈ ਨਹੀਂ ਕਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਲੋਕਾਂ ਵਿੱਚ ਦਹਿਸ਼ਤ ਅਤੇ ਬੇਚੈਨੀ ਫੈਲਾਉਣ ਦੀ ਥਾਂ ਪੂਰੇ ਦੇਸ਼ ਨੂੰ ਭਾਰਤ ਦੇ ਭੰਡਾਰਾਂ ਦੀ ਅਸਲ ਸਥਿਤੀ ਬਾਰੇ ਦੱਸਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਲਤ ਵਿਦੇਸ਼ ਨੀਤੀ ਲਈ ਉਨ੍ਹਾਂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਲੀਡਰਸ਼ਿਪ ਜਿਸਨੇ ਕਦੇ ਭਾਰਤ ਨੂੰ "ਵਿਸ਼ਵ ਗੁਰ" ਬਣਾਉਣ ਦਾ ਦਾਅਵਾ ਕੀਤਾ ਸੀ, ਹੁਣ ਉਸ ਨੇ ਦੇਸ਼ ਨੂੰ "ਵਿਸਵ ਚੇਲਾ" ਬਣਾ ਕੇ ਰੱਖ ਦਿੱਤਾ ਹੈ। ਪ੍ਰਧਾਨ ਮੰਤਰੀ ਦੇ ਵਿਦੇਸ਼ੀ ਦੌਰਿਆਂ ਦਾ ਲਾਭ ਆਮ ਲੋਕਾਂ ਦੀ ਬਜਾਏ ਉਨ੍ਹਾਂ ਦੇ ਕਾਰੋਬਾਰੀ ਦੋਸਤਾਂ ਨੂੰ ਹੀ ਹੋ ਰਿਹਾ ਹੈ।

ਹਾਈ-ਟੈਂਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਦੇ ਮਹੱਤਵਪੂਰਨ ਪ੍ਰੋਜੈਕਟ ਦੇ ਉਦਘਾਟਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੋਦੀ ਸਰਕਾਰ ਵਿਦੇਸ਼ ਅਤੇ ਆਰਥਿਕ ਨੀਤੀ, ਦੋਵਾਂ ਪਹਿਲੂਆਂ 'ਤੇ ਪੂਰੀ ਤਰ੍ਹਾਂ ਨਾਕਾਮ ਰਹੀ ਹੈ, ਜਿਸ ਕਾਰਨ ਦੇਸ਼ ਵਿੱਚ ਬੇਚੈਨੀ ਦਾ ਮਾਹੌਲ ਹੈ। ਕੇਂਦਰ ਸਰਕਾਰ ਖਾੜੀ ਜੰਗ ਤੋਂ ਪੈਦਾ ਹੋਈ ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਲਗਾਉਣ ਵਿੱਚ ਵੀ ਨਾਕਾਮ ਰਹੀ ਹੈ, ਜਿਸ ਕਾਰਨ ਦੇਸ਼ ਵਿੱਚ ਪੂਰੀ ਤਰ੍ਹਾਂ ਹਫੜਾ-ਦਫੜੀ (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਵੱਲੋਂ ਪਿੰਡ ਸਤੌਜ ਤੋਂ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਦੇ ਪ੍ਰਾਜੈਕਟ ਦੀ ਸ਼ੁਰੂਆਤ

ਰਾਜੇਸ਼ਵਰ ਪਿੰਟੂ, ਅਮਨ ਗਰਗ, ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ

================

ਸੰਗਰੂਰ/ਧੂਰੀ, 19 ਮਈ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਦੇਸ਼ ਦਾ ਪਹਿਲਾ ਖੰਭਾ-ਮੁਕਤ ਪਿੰਡਾਂ ਵਾਲਾ ਸੂਬਾ ਬਣਾਉਣ ਲਈ ਅੱਜ ਆਪਣੇ ਜੱਦੀ ਪਿੰਡ ਸਤੌਜ ਵਿੱਚ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ (ਜ਼ਮੀਨਦੋਜ਼) ਪਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਆਪਣੀ ਕਿਸਮ ਦੀ ਨਿਵੇਕਲੀ ਤੇ ਇਤਿਹਾਸਕ ਪਹਿਲਕਦਮੀ ਦੀ ਸ਼ੁਰੂਆਤ ਕੀਤੀ। ਕਿਸਾਨਾਂ ਅਤੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਭਗਵੰਤ ਮਾਨ ਸਰਕਾਰ ਨੇ ਫਸਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਅਤੇ ਜਾਨਲੇਵਾ ਹਾਦਸਿਆਂ ਨੂੰ ਰੋਕਣ ਅਤੇ ਉਪਰੋਂ ਲੰਘਦੀਆਂ ਤਾਰਾਂ (ਓਵਰਹੈੱਡ ਲਾਈਨਾਂ) ਕਾਰਨ ਬਿਜਲੀ ਦੇ ਵਾਰ-ਵਾਰ ਲੱਗਣ ਵਾਲੇ ਕੱਟ ਖਤਮ ਕਰਨ ਲਈ ਬਿਜਲੀ ਦੀਆਂ ਤਾਰਾਂ ਨੂੰ ਜ਼ਮੀਨਦੋਜ਼ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਪਿੰਡਾਂ ਨੂੰ ਖਤਰਨਾਕ ਖੰਭਿਆਂ ਅਤੇ ਗੁੰਝਲਦਾਰ ਤਾਰਾਂ ਦੇ ਜਾਲ ਤੋਂ ਵੀ ਮੁਕਤੀ ਮਿਲੇਗੀ।

ਇਸ ਪਾਇਲਟ ਪ੍ਰੋਜੈਕਟ ਤਹਿਤ ਸਤੌਜ ਵਿੱਚੋਂ 384 ਬਿਜਲੀ ਦੇ ਖੰਭੇ ਹਟਾ ਦਿੱਤੇ ਜਾਣਗੇ ਅਤੇ ਸੜਕਾਂ ਨੂੰ ਪੁੱਟੇ ਬਿਨਾਂ ਜ਼ਮੀਨਦੋਜ਼ ਕੇਬਲਾਂ ਵਿਛਾਈਆਂ ਜਾਣਗੀਆਂ। ਇਸ ਪ੍ਰਾਜੈਕਟ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਧੁਨਿਕ ਬੁਨਿਆਦੀ ਢਾਂਚੇ, ਨਿਰਵਿਘਨ ਬਿਜਲੀ ਸਪਲਾਈ ਅਤੇ ਸੁਰੱਖਿਅਤ ਪਿੰਡਾਂ 'ਤੇ ਅਧਾਰਿਤ (ਬਾਕੀ ਸਫਾ 2 'ਤੇ)

### ਉੱਤਰੀ ਭਾਰਤ 'ਚ ਗਰਮੀ ਦਾ ਕਹਿਰ

## ਚੰਡੀਗੜ੍ਹ 'ਚ ਦਹਾਕੇ ਦਾ ਸਭ ਤੋਂ ਗਰਮ ਦਿਨ ਰਿਹਾ

### ਪੰਜਾਬ 'ਚ ਫਰੀਦਕੋਟ 47.3 ਡਿਗਰੀ ਨਾਲ ਸਭ ਤੋਂ ਗਰਮ; 24 ਮਈ ਤਕ ਲੂ ਵਧਣ ਦੇ ਆਸਾਰ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 19 ਮਈ :ਉੱਤਰੀ ਖੇਤਰ ਵਿੱਚ ਲੂ (ਹੀਟਵੇਵ) ਦਾ ਕਹਿਰ ਵਧ ਗਿਆ ਹੈ। ਭਾਰਤੀ ਮੌਸਮ ਵਿਭਾਗ ਨੇ ਮੰਗਲਵਾਰ ਨੂੰ ਗਰਮੀ ਦੇ 'ਯੈਲੋ' ਅਲਰਟ ਨੂੰ ਬਦਲ ਕੇ ਓਰੈਂਜ ਅਲਰਟ ਐਲਾਨ ਦਿੱਤਾ ਹੈ ਜਿਸ ਦਾ ਮਤਲਬ ਹੈ ਕਿ ਹੁਣ ਲੋਕਾਂ ਨੂੰ ਗਰਮੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਹੋਵੇਗਾ। ਮੌਸਮ ਵਿਭਾਗ ਨੇ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਲਈ ਐਤਵਾਰ ਤੱਕ ਬਹੁਤ ਜ਼ਿਆਦਾ ਲੂ ਚੱਲਣ ਦਾ ਅਲਰਟ ਜਾਰੀ ਕੀਤਾ ਹੈ। ਅਗਲੇ ਇੱਕ ਹਫ਼ਤੇ ਤੱਕ ਕਿਧਰੇ ਵੀ ਮੀਂਹ, ਹਨੇਰੀ ਜਾਂ ਤੇਜ਼ ਹਵਾਵਾਂ ਚੱਲਣ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਮੌਸਮ ਪੂਰੀ ਤਰ੍ਹਾਂ ਖੁਸ਼ਕ ਰਹੇਗਾ।ਮੰਗਲਵਾਰ ਨੂੰ ਚੰਡੀਗੜ੍ਹ ਦਾ ਵੱਧ ਤੋਂ ਵੱਧ ਤਾਪਮਾਨ 43.2 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਜੋ ਇਸ ਮੌਸਮ ਦੇ ਆਮ ਤਾਪਮਾਨ ਨਾਲੋਂ 4.3 ਡਿਗਰੀ (ਬਾਕੀ ਸਫਾ 2 'ਤੇ)

## ਪੁਤਿਨ ਬ੍ਰਿਕਸ ਸੰਮੇਲਨ ਲਈ 12-13 ਸਤੰਬਰ ਨੂੰ ਆਉਣਗੇ ਭਾਰਤ

ਨਵੀਂ ਦਿੱਲੀ, 19 ਮਈ (ਚ.ਨ.ਸ.): ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ 12-13 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਆਉਣਗੇ। ਇਸ ਗੱਲ ਦੀ ਪੁਸ਼ਟੀ ਕ੍ਰੇਮਲਿਨ ਦੇ ਸਲਾਹਕਾਰ ਯੂਰੀ ਉਸ਼ਾਕੋਵ ਵੱਲੋਂ ਕੀਤੀ ਗਈ ਹੈ ਅਤੇ ਦੱਖਣੀ ਅਫਰੀਕਾ ਵਿੱਚ ਰੂਸੀ ਦੂਤਾਵਾਸ ਨੇ ਵੀ ਇਸ ਦੀ ਤਸਦੀਕ ਕੀਤੀ ਹੈ। ਇਹ ਸਾਲਾਨਾ ਸੰਮੇਲਨ ਹੈ ਜਿੱਥੇ ਭਾਰਤ, ਰੂਸ, ਬ੍ਰਾਜ਼ੀਲ, ਚੀਨ ਅਤੇ ਦੱਖਣੀ ਅਫਰੀਕਾ ਵਰਗੇ ਪ੍ਰਮੁੱਖ ਦੇਸ਼ਾਂ ਦੇ ਨੇਤਾ ਆਰਥਿਕ ਸਹਿਯੋਗ, ਵਪਾਰ ਅਤੇ ਵਿਸ਼ਵ ਸ਼ਾਸਨ ਵਰਗੇ ਮੁੱਦਿਆਂ 'ਤੇ ਚਰਚਾ ਕਰਨਗੇ। ਭਾਰਤ ਨੇ 13 ਜਨਵਰੀ, 2026 ਨੂੰ ਅਧਿਕਾਰਤ ਤੌਰ 'ਤੇ ਬ੍ਰਿਕਸ ਸਮੂਹ ਦੀ ਪ੍ਰਧਾਨਗੀ ਸੰਭਾਲ ਲਈ ਹੈ। ਇਸ ਮੌਕੇ ਵਿਦੇਸ਼ (ਬਾਕੀ ਸਫਾ 2 'ਤੇ)

### ਪੰਜਾਬ ਨਗਰ ਨਿਗਮ ਚੋਣਾਂ-2026

## ਈ.ਵੀ.ਐਮ. ਦੀ ਥਾਂ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਦੇ ਫ਼ੈਸਲੇ ਖ਼ਿਲਾਫ਼ ਪਟੀਸ਼ਨ ਦਾਇਰ

### ਹਾਈ ਕੋਰਟ ਨੇ ਚੋਣ ਕਮਿਸ਼ਨ ਤੋਂ ਅੱਜ ਮੰਗਿਆ ਜਵਾਬ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 19 ਮਈ :ਪੰਜਾਬ ਵਿੱਚ ਹੋਣ ਜਾ ਰਹੀਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਆਮ ਚੋਣਾਂ 2026 ਨੂੰ ਲੈ ਕੇ ਇੱਕ ਵੱਡਾ ਕਾਨੂੰਨੀ ਅਤੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਇਨ੍ਹਾਂ ਚੋਣਾਂ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਦੀ ਬਜਾਏ ਪੁਰਾਣੀ ਬੈਲਟ ਪੇਪਰ ਅਤੇ ਬੈਲਟ ਬਾਕਸ ਪ੍ਰਣਾਲੀ ਰਾਹੀਂ ਕਰਵਾਉਣ ਦੇ ਅਚਨਚੇਤ ਫੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਹ ਜਨਹਿਤ ਪਟੀਸ਼ਨ ਮੋਹਾਲੀ (ਐਸ.ਏ.ਐਸ. ਨਗਰ) ਦੀ ਰਹਿਣ ਵਾਲੀ ਸਮਾਜ ਸੇਵਕਾ ਰੁਚਿਤਾ ਗਰਗ ਵੱਲੋਂ ਐਡਵੋਕੇਟ ਹਰਨੀਤ ਸਿੰਘ ਓਬਰਾਏ ਅਤੇ ਕੇਤਨ ਗਰਗ ਰਾਹੀਂ ਦਾਇਰ ਕੀਤੀ ਗਈ ਹੈ। (ਬਾਕੀ ਸਫਾ 2 'ਤੇ)

## ਪੁਲਿਸ ਵੱਲੋਂ ਮ੍ਰਿਤਕ ਦੇ ਜਾਅਲੀ ਬਿਆਨ ਕੋਰਟ 'ਚ ਪੇਸ਼ ਕਰਨ ਦਾ ਮਾਮਲਾ

ਚੰਡੀਗੜ੍ਹ, 19 ਮਈ (ਚ.ਨ.ਸ.):ਪੰਜਾਬ ਪੁਲਿਸ ਵੱਲੋਂ ਇੱਕ ਮ੍ਰਿਤਕ ਵਿਅਕਤੀ ਤੋਂ ਬਿਆਨ ਦਿਵਾਉਣ ਦਾ ਮਾਮਲਾ ਸਾਹਮਣੇ ਆਉਣ ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਰਾਜ ਨੇ ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਇਸ ਕੇਸ ਦੀ ਮੁੜ ਸਮੀਖਿਆ ਕਰਨ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਦਿੱਤਾ ਗਿਆ ਹੈ।ਸੁਣਵਾਈ ਦੀ ਪਿਛਲੀ (ਬਾਕੀ ਸਫਾ 2 'ਤੇ)

## ਦੇਸ਼ 'ਤੇ ਆਉਣ ਵਾਲਾ ਹੈ ਵੱਡਾ ਆਰਥਿਕ ਸੰਕਟ, ਆਮ ਆਦਮੀ ਹੋਵੇਗਾ ਪ੍ਰਭਾਵਿਤ: ਰਾਹੁਲ ਗਾਂਧੀ



ਨਵੀਂ ਦਿੱਲੀ , 19 ਮਈ (ਚ.ਨ.ਸ.):ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦੇਸ਼ ਦੀ ਆਰਥਿਕ ਸਥਿਤੀ 'ਤੇ ਗੰਭੀਰ ਚਿੰਤਾ ਜਤਾਉਂਦੇ ਹੋਏ ਕਿਹਾ ਕਿ ਦੇਸ਼ ਇਕ ਵੱਡੇ ਆਰਥਿਕ ਸੰਕਟ ਵੱਲ ਵੱਧ ਰਿਹਾ ਹੈ, ਜਿਸ ਦਾ ਸਭ ਤੋਂ ਵੱਧ ਪ੍ਰਭਾਵ ਆਮ ਲੋਕਾਂ 'ਤੇ ਪਵੇਗਾ। ਉੱਤਰ ਪ੍ਰਦੇਸ਼ ਦੇ ਦੌਰੇ ਦੌਰਾਨ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿਚ ਦੇਸ਼ ਦਾ ਆਰਥਿਕ ਢਾਂਚਾ ਪੂਰੀ ਤਰ੍ਹਾਂ ਬਦਲ ਗਿਆ ਹੈ, ਜਿਸ ਕਾਰਨ ਇਕ ਵੱਡਾ ਆਰਥਿਕ ਤੂਫਾਨ ਆਉਣ ਵਾਲਾ ਹੈ। ਉਨ੍ਹਾਂ ਕਿਹਾ, 'ਮੈਂ ਪਿਛਲੇ ਕੁਝ ਦਿਨਾਂ ਤੋਂ ਕਹਿ ਰਿਹਾ ਹਾਂ ਕਿ ਮੋਦੀ ਜੀ ਨੇ ਦੇਸ਼ ਦਾ ਆਰਥਿਕ ਢਾਂਚਾ ਬਦਲ ਦਿੱਤਾ ਹੈ। ਇੱਕ ਵੱਡਾ ਆਰਥਿਕ ਸੰਕਟ ਆਉਣ ਵਾਲਾ ਹੈ। ਬਦਕਿਸਮਤੀ ਨਾਲ, ਆਮ ਆਦਮੀ ਨੂੰ ਇਸਦਾ ਖਮਿਆਜ਼ਾ ਭੁਗਤਣਾ ਪਵੇਗਾ। ਇਹ ਆਰਥਿਕ ਝਟਕਾ ਨਾ ਸਿਰਫ਼ ਅਡਾਨੀ, ਅੰਬਾਨੀ ਅਤੇ ਮੋਦੀ ਨੂੰ ਪ੍ਰਭਾਵਿਤ ਕਰੇਗਾ, ਸਗੋਂ ਦੇਸ਼ ਦੇ ਆਮ ਲੋਕਾਂ 'ਤੇ ਵੀ ਇਸਦਾ ਡੂੰਘਾ ਪ੍ਰਭਾਵ ਪਵੇਗਾ।' ਗਾਂਧੀ ਨੇ ਦੋਸ਼ ਲਗਾਇਆ ਕਿ ਆਰਥਿਕ ਚੁਣੌਤੀਆਂ ਦਾ ਹੱਲ ਲੱਭਣ ਦੀ ਬਜਾਏ ਸਰਕਾਰ ਲੋਕਾਂ ਨੂੰ ਵਿਦੇਸ਼ ਯਾਤਰਾ ਨਾ ਕਰਨ ਦੀ ਸਲਾਹ ਦੇ ਰਹੀ ਹੈ, ਜਦੋਂ ਕਿ ਪ੍ਰਧਾਨ ਮੰਤਰੀ ਖੁਦ ਲਗਾਤਾਰ ਵਿਦੇਸ਼ੀ ਦੌਰਿਆਂ 'ਤੇ ਹਨ।

## ਵਿਆਹ ਦਾ ਪ੍ਰਸਤਾਵ ਠੁਕਰਾਉਣ 'ਤੇ ਪੰਜਾਬੀ ਗਾਇਕਾ ਦਾ ਕਤਲ; ਨਹਿਰ 'ਚੋਂ ਮਿਲੀ ਲਾਸ਼

### ਮੁਲਜ਼ਮ ਗੋਲ਼ੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਕੈਨੇਡਾ ਫ਼ਰਾਰ



ਲੁਧਿਆਣਾ, 19 ਮਈ (ਚ.ਨ.ਸ.): ਲੁਧਿਆਣਾ ਵਿੱਚ ਪੰਜਾਬੀ ਗਾਇਕਾ ਇੰਦਰ ਕੌਰ ਉਰਫ਼ ਯਸ਼ਿੰਦਰ ਕੌਰ (29) ਦਾ ਕਤਲ ਕਰ ਦਿੱਤਾ ਗਿਆ ਹੈ, ਅੱਜ ਉਸ ਦੀ ਲਾਸ਼ ਨੀਲੋਂ ਨਹਿਰ ਵਿੱਚੋਂ ਮਿਲੀ ਹੈ। ਵੇਰਵਿਆਂ ਅਨੁਸਾਰ ਇੰਦਰ ਨੂੰ ਛੇ ਦਿਨ ਪਹਿਲਾਂ ਬੰਦੂਕ ਦੀ ਨੋਕ 'ਤੇ ਅਗਵਾ ਕੀਤਾ ਗਿਆ ਸੀ ਅਤੇ ਉਸ ਦਾ ਪਰਿਵਾਰ ਉਸ ਦੀ ਭਾਲ ਕਰ ਰਿਹਾ ਸੀ। ਪਰਿਵਾਰ ਨੇ ਦੱਸਿਆ ਕਿ ਮੋਗਾ ਦਾ ਇੱਕ ਵਿਅਕਤੀ ਉਸ 'ਤੇ ਵਿਆਹ ਕਰਨ ਲਈ ਦਬਾਅ ਪਾ ਰਿਹਾ ਸੀ। ਜਦੋਂ ਉਸ ਨੇ ਮਨ੍ਹਾ ਕਰ ਦਿੱਤਾ, ਤਾਂ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ 13 ਮਈ (ਬਾਕੀ ਸਫਾ 2 'ਤੇ)

### ਅਵਾਰਾ ਕੁੱਤਿਆਂ ਦੇ ਮੁੱਦੇ 'ਤੇ ਸਰਵਉੱਚ ਅਦਾਲਤ ਦਾ ਫ਼ੈਸਲਾ

## ਖ਼ਤਰਨਾਕ ਕੁੱਤਿਆਂ ਨੂੰ ਲਗਾ ਦਿੱਤੇ ਜਾਣ ਮੌਤ ਦੇ ਟੀਕੇ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 19 ਮਈ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਖ਼ਤਰਨਾਕ ਅਤੇ ਬਿਮਾਰ ਕੁੱਤਿਆਂ ਨੂੰ ਟੀਕੇ ਲਗਾ ਕੇ ਮਾਰਿਆ ਜਾ ਸਕਦਾ ਹੈ। ਜਨਤਕ ਜੀਵਨ ਦੀ ਰੱਖਿਆ ਕਰਨਾ ਬਹੁਤ ਜ਼ਰੂਰੀ ਹੈ। ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ 'ਤੇ ਮਾਣਹਾਨੀ ਦਾ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਰਾਜਸਥਾਨ ਦੇ ਸ਼੍ਰੀਗੰਗਾਨਗਰ ਸ਼ਹਿਰ ਵਿੱਚ ਹੀ ਇੱਕ ਮਹੀਨੇ ਦੇ ਅੰਦਰ 1,084 ਕੁੱਤਿਆਂ ਦੇ ਕੱਟਣ ਦੀਆਂ ਰਿਪੋਰਟਾਂ ਆਈਆਂ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਛੋਟੇ ਬੱਚਿਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਦੇ ਚਿਹਰੇ 'ਤੇ ਡੂੰਘੇ ਜ਼ਖ਼ਮ ਹਨ। ਤਾਮਿਲਨਾਡੂ ਵਿੱਚ, ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ ਲਗਭਗ 200,000 ਕੁੱਤਿਆਂ ਦੇ ਕੱਟਣ ਦੀਆਂ ਰਿਪੋਰਟਾਂ ਆਈਆਂ।

ਨਵੰਬਰ, 2025 ਵਿੱਚ, ਸੁਪਰੀਮ ਕੋਰਟ ਨੇ ਸਕੂਲ, ਹਸਪਤਾਲ, ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨਾਂ ਵਰਗੀਆਂ ਜਨਤਕ ਥਾਵਾਂ ਤੋਂ ਅਵਾਰਾ ਕੁੱਤਿਆਂ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ। ਇਸ ਨੇ ਨਿਰਦੇਸ਼ ਦਿੱਤਾ ਕਿ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਰੱਖਿਆ ਜਾਵੇ ਅਤੇ ਛੱਡਿਆ ਨਾ ਜਾਵੇ। ਇਸ ਨੇ ਸੜਕਾਂ 'ਤੇ ਕੁੱਤਿਆਂ ਨੂੰ (ਬਾਕੀ ਸਫਾ 2 'ਤੇ)

## ਹਾਈ ਕੋਰਟ ਵੱਲੋਂ ਕੇਜਰੀਵਾਲ, ਸਿਸੋਦੀਆ ਅਤੇ ਕਈ 'ਆਪ' ਆਗੂਆਂ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 19 ਮਈ (ਚ.ਨ.ਸ.): ਦਿੱਲੀ ਹਾਈ ਕੋਰਟ ਨੇ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਸਮੇਤ ਕਈ ਹੋਰ 'ਆਪ' ਆਗੂਆਂ ਨੂੰ ਨੋਟਿਸ ਜਾਰੀ ਕੀਤੇ ਹਨ। ਇਨ੍ਹਾਂ ਆਗੂਆਂ 'ਤੇ ਸ਼ਰਾਬ ਨੀਤੀ ਮਾਮਲੇ ਦੇ ਸਬੰਧ ਵਿੱਚ ਜਸਟਿਸ ਸਵਰਨ ਕਾਂਤਾ ਸ਼ਰਮਾ ਵਿਰੁੱਧ ਸੋਸ਼ਲ ਮੀਡੀਆ ਮੁਹਿੰਮ ਚਲਾਉਣ ਦਾ ਇਲਜ਼ਾਮ ਹੈ। ਜਸਟਿਸ ਸਵਰਨ ਕਾਂਤਾ ਸ਼ਰਮਾ ਕੇਜਰੀਵਾਲ ਅਤੇ ਸਿਸੋਦੀਆ ਵਿਰੁੱਧ ਅਪਰਾਧਿਕ ਮਾਣਹਾਨੀ ਮਾਮਲੇ ਦੀ ਸੁਣਵਾਈ ਕਰ ਰਹੇ ਸਨ। ਹਾਲਾਂਕਿ, ਉਨ੍ਹਾਂ ਨੇ (ਬਾਕੀ ਸਫਾ 2 'ਤੇ)

## ਈ.ਡੀ. ਨੇ 'ਆਪ' ਆਗੂ ਦੀਪਕ ਸਿੰਗਲਾ ਦਾ ਟਰਾਂਜ਼ਿਟ ਰਿਮਾਂਡ ਦਿੱਤਾ

ਨਵੀਂ ਦਿੱਲੀ, 19 ਮਈ (ਚ.ਨ.ਸ.):ਦਿੱਲੀ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ ਓਰੀਐਂਟਲ ਬੈਂਕ ਆਫ ਕਾਮਰਸ ਨਾਲ ਜੁੜੇ 150 ਕਰੋੜ ਰੁਪਏ ਦੇ ਕਰਜ਼ਾ ਘੁਟਾਲੇ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਦੀਪਕ ਸਿੰਗਲਾ ਦਾ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਟਰਾਂਜ਼ਿਟ ਰਿਮਾਂਡ ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਦੀ ਇੱਕ ਅਦਾਲਤ ਨੂੰ ਦਿੱਤਾ। ਰਾਤ 10:30 ਵਜੇ ਦੇ ਕਰੀਬ ਦਿੱਤੇ ਗਏ ਇੱਕ ਆਦੇਸ਼ ਵਿੱਚ, ਵਿਸ਼ੇਸ਼ ਜੱਜ ਸੁਸ਼ਾਂਤ ਚੰਗੋਤਰਾ ਨੇ ਈ.ਡੀ. ਨੂੰ ਸਿੰਗਲਾ ਨੂੰ ਮੰਗਲਵਾਰ ਦੁਪਹਿਰ 2 ਵਜੇ ਤੱਕ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੁਣਵਾਈ ਦੌਰਾਨ, ਈ.ਡੀ. ਨੇ ਸਿੰਗਲਾ ਲਈ ਇੱਕ ਦਿਨ ਦੇ ਟਰਾਂਜ਼ਿਟ ਰਿਮਾਂਡ ਦੀ ਬੇਨਤੀ ਕੀਤੀ ਸੀ।

## ਪੰਜਾਬ ਦੇ 27 ਹਜ਼ਾਰ ਮੈਡੀਕਲ ਸਟੋਰ ਅੱਜ ਰਹਿਣਗੇ ਬੰਦ !

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 19 ਮਈ :ਪੰਜਾਬ ਭਰ ਵਿੱਚ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਬੁੱਧਵਾਰ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਆਲ ਇੰਡੀਆ ਆਰਗੇਨਾਈਜ਼ੇਸ਼ਨ ਆਫ਼ ਕੈਮਿਸਟਸ ਐਂਡ ਡਰੱਗਿਸਟਸ ਵੱਲੋਂ ਸੱਦੀ ਗਈ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਕਰੀਬ 27,000 ਰਿਟੇਲ ਅਤੇ ਹੋਲਸੇਲ ਕੈਮਿਸਟ ਆਪਣੀਆਂ ਦੁਕਾਨਾਂ ਬੰਦ ਰੱਖਣ ਜਾ ਰਹੇ ਹਨ। ਇਹ ਵਿਰੋਧ ਪ੍ਰਦਰਸ਼ਨ ਮੁੱਖ ਤੌਰ 'ਤੇ ਦਵਾਈਆਂ ਦੀ ਆਨਲਾਈਨ ਵਿਕਰੀ ਅਤੇ ਈ-ਫਾਰਮੇਸੀ ਪਲੇਟਫਾਰਮਾਂ ਵੱਲੋਂ ਦਿੱਤੀ ਜਾਣ ਵਾਲੀ ਭਾਰੀ ਛੋਟ ਦੇ ਖ਼ਿਲਾਫ਼ ਹੈ, ਜਿਸ ਬਾਰੇ ਕੈਮਿਸਟਾਂ ਦਾ ਦਾਅਵਾ ਹੈ ਕਿ ਇਹ ਛੋਟੀਆਂ ਸਥਾਨਕ ਫਾਰਮੇਸੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ ਕਿਉਂਕਿ ਉਹ ਇੰਨੀਆਂ ਘੱਟ ਕੀਮਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਹਨ।

ਇਸ ਤਾਲਾਬੰਦੀ ਕਾਰਨ ਰੋਜ਼ਾਨਾ ਦੀਆਂ ਦਵਾਈਆਂ, ਐਮਰਜੈਂਸੀ ਦਵਾਈਆਂ ਅਤੇ ਜੀਵਨ ਰੱਖਿਅਕ ਨੁਸਖ਼ਿਆਂ ਲਈ ਨੇੜਲੀਆਂ ਦਵਾਈਆਂ ਦੀਆਂ ਦੁਕਾਨਾਂ 'ਤੇ ਨਿਰਭਰ ਹਜ਼ਾਰਾਂ ਮਰੀਜ਼ਾਂ ਨੂੰ ਪਰੇਸ਼ਾਨੀ ਹੋਣ ਦੀ ਸੰਭਾਵਨਾ ਹੈ। (ਬਾਕੀ ਸਫਾ 2 'ਤੇ)

## ਕਾਂਗੋ 'ਚ ਇਬੋਲਾ ਵਾਇਰਸ ਦੀ ਲਾਗ ਕਾਰਨ 131 ਮੌਤਾਂ, 513 ਸ਼ੱਕੀ ਮਾਮਲੇ ਦਰਜ

ਕਾਂਗੋ, 19 ਮਈ (ਚ.ਨ.ਸ.): ਪੂਰਬੀ ਕਾਂਗੋ ਵਿੱਚ ਈਬੋਲਾ ਵਾਇਰਸ ਦੇ ਪ੍ਰਕੋਪ ਵਿੱਚ ਘੱਟੋ-ਘੱਟ 131 ਲੋਕਾਂ ਦੀ ਮੌਤ ਹੋ ਗਈ ਹੈ ਅਤੇ 500 ਤੋਂ ਵੱਧ ਸ਼ੱਕੀ ਮਾਮਲੇ ਸਾਹਮਣੇ ਆਏ ਹਨ, ਕਾਂਗੋ ਦੇ ਸਿਹਤ ਮੰਤਰਾਲੇ ਨੇ ਮੰਗਲਵਾਰ ਨੂੰ ਐਲਾਨ ਕੀਤਾ। ਇਸ ਤੋਂ ਇਲਾਵਾ, ਈਬੋਲਾ ਵਾਇਰਸ ਪ੍ਰਤੀ ਸਰਕਾਰ ਦੇ ਜਵਾਬ ਵਿੱਚ ਦੇਰੀ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਜਨਤਕ ਸਿਹਤ ਮੰਤਰੀ ਸੈਮੂਅਲ ਰੋਜਰ ਕਾਂਬਾ ਨੇ ਕਿਹਾ, 'ਪ੍ਰਭਾਵਿਤ ਖੇਤਰਾਂ ਵਿੱਚ ਲਾਗ ਕਾਰਨ 513 ਸ਼ੱਕੀ ਮਾਮਲੇ ਅਤੇ 131 ਮੌਤਾਂ ਹੋਈਆਂ ਹਨ।' ਉਨ੍ਹਾਂ ਅੱਗੇ ਕਿਹਾ,'ਇਹ ਸ਼ੱਕੀ ਮੌਤਾਂ ਹਨ, ਅਤੇ ਇਹ ਨਿਰਧਾਰਤ ਕਰਨ ਲਈ ਜਾਂਚ ਜਾਰੀ ਹੈ ਕਿ ਅਸਲ ਵਿੱਚ ਬਿਮਾਰੀ ਨਾਲ ਕਿਹੜੇ ਕਾਰਕ ਜੁੜੇ ਹੋਏ ਹਨ।' ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਐਤਵਾਰ ਨੂੰ ਈਬੋਲਾ ਦੇ (ਬਾਕੀ ਸਫਾ 2 'ਤੇ)

## ਨੌਸ਼ਹਿਰਾ ਮੱਝਾ ਸਿੰਘ ਵਿਖੇ ਸੜਕ ਹਾਦਸੇ 'ਚ ਕਾਰ ਸਵਾਰ 4 ਨੌਜਵਾਨਾਂ ਦੀ ਮੌਤ




ਚੜ੍ਹਦੀਕਲਾ ਬਿਊਰੋ

================

ਧਾਰੀਵਾਲ, 19 ਮਈ : ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇਅ 'ਤੇ ਪੈਂਦੇ ਨਜ਼ਦੀਕੀ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਅੱਜ ਤੜਕਸਾਰ ਇੱਕ ਬੇਹੱਦ ਦਰਦਨਾਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਭਿਆਨਕ ਹਾਦਸੇ ਵਿੱਚ ਕਾਰ ਸਵਾਰ ਚਾਰ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਲਾਸ਼ਾਂ ਗੱਡੀ ਦੇ ਅੰਦਰ ਹੀ ਬੁਰੀ ਤਰ੍ਹਾਂ ਫਸ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ ਪਠਾਨਕੋਟ ਨੰਬਰ ਦੀ ਇੱਕ ਆਲਟੋ ਕਾਰ (ਪੀ.ਬੀ. 35 ਵਾਈ. 8420) ਅੱਜ ਤੜਕੇ ਧਾਰੀਵਾਲ ਪਾਸੇ ਤੋਂ ਅੰਮ੍ਰਿਤਸਰ ਵੱਲ ਜਾ ਰਹੀ ਸੀ। (ਬਾਕੀ ਸਫਾ 2 'ਤੇ)

# ਸਿੱਖਾਂ ਦੀ ਘਟਦੀ ਆਬਾਦੀ-ਭਾਜਪਾ ਦੀ ਚਿੰਤਾ ਤੇ ਸਿਆਸਤ

ਦਰਸ਼ਨ ਸਿੰਘ ਦਰਸ਼ਕ

===============

ਪਟਿਆਲਾ, 19 ਮਈ ਭਾਰਤੀ ਜਨਤਾ ਪਾਰਟੀ ਦੇ ਆਗੂ ਡਾ. ਜਗਮੋਹਨ ਸਿੰਘ ਰਾਜੂ ਨੇ ਸਿੱਖਾਂ ਦੀ ਘਟ ਰਹੀ ਆਬਾਦੀ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਜਿਹੜਾ ਸਿੱਖ ਪਰਿਵਾਰ ਤੀਜਾ ਬੱਚਾ ਪੈਦਾ ਕਰਦਾ ਹੈ ਉਸ ਨੂੰ 30 ਹਜ਼ਾਰ ਰੁਪਏ ਹੱਲਾਸ਼ੇਰੀ ਰਾਸ਼ੀ ਦਿੱਤੀ ਜਾਵੇ ਅਤੇ ਜਿਹੜਾ ਸਿੱਖ ਪਰਿਵਾਰ ਚੌਥਾ ਬੱਚਾ ਪੈਦਾ ਕਰਦਾ ਹੈ ਉਸ ਨੂੰ 40 ਹਜ਼ਾਰ ਰੁਪਏ ਹੱਲਾਸ਼ੇਰੀ ਰਾਸ਼ੀ ਦਿੱਤੀ ਜਾਵੇ।

ਇਹ ਮੰਗ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ ਹਾਲ ਹੀ ਵਿੱਚ ਐਲਾਨ ਕੀਤਾ ਹੈ ਕਿ ਜਿਹੜੇ ਪਰਿਵਾਰ ਤੀਜਾ ਬੱਚਾ ਪੈਦਾ ਕਰੇਗਾ ਉਸ ਨੂੰ 30 ਹਜ਼ਾਰ ਅਤੇ ਜਿਹੜਾ ਚੌਥਾ ਬੱਚਾ ਪੈਦਾ ਕਰਦਾ ਹੈ ਉਸ ਨੂੰ ਚਾਲੀ ਹਜ਼ਾਰ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ।

ਇਸ ਤੋਂ ਪਹਿਲਾਂ ਵੀ ਕਈ ਸਿੱਖ ਧਾਰਮਿਕ ਆਗੂ ਇਸ ਤਰ੍ਹਾਂ ਸਿੱਖ ਭਾਈਚਾਰੇ ਨੂੰ ਅਪੀਲ ਕਰ ਚੁੱਕੇ ਹਨ। ਅਜਿਹੀ ਚਿੰਤਾ ਇਸ ਲਈ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਭਾਰਤ ਵਿੱਚ ਸਿੱਖ ਦੂਜੇ ਧਰਮਾਂ ਦੇ ਮੁਕਾਬਲੇ ਘਟ ਗਿਣਤੀ ਵਿੱਚ ਹਨ ਅਤੇ ਦੂਜਾ ਉਨ੍ਹਾਂ ਦਾ ਅਨੁਪਾਤ ਵੀ ਬਹੁਤ ਘਟ ਹੈ। ਉੱਪਰੋਂ ਸਿੱਖ ਪਰਿਵਾਰ ਹੁਣ ਇਕ ਜਾਂ ਦੋ ਬੱਚੇ ਹੀ ਪੈਦਾ ਕਰ ਰਹੇ ਹਨ।



ਦਿਲਚਸਪ ਗੱਲ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੀ ਸਿੱਖਾਂ ਨੂੰ ਘੱਟੋ ਘੱਟ ਤਿੰਨ ਬੱਚੇ ਪੈਦਾ ਕਰਨ ਦੀ ਨਸੀਹਤ ਦੇ ਚੁੱਕੇ ਹਨ।

ਪਿਛਲੇ ਸਮੇਂ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਵਿਵਾਦਿਤ ਜਥੇਦਾਰ ਗੁਰਬਚਨ ਸਿੰਘ ਨੇ ਵੀ ਸਿੱਖਾਂ ਨੂੰ ਦੋ ਤੋਂ ਵੱਧ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ। ਸਿੱਖ ਆਗੂਆਂ ਵੱਲੋਂ ਇਸ ਤਰ੍ਹਾਂ ਦੀਆਂ ਚਿੰਤਾਵਾਂ ਇਸ ਲਈ ਪ੍ਰਗਟ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਹਿੰਦੂ ਧਾਰਮਿਕ ਜਾਂ ਸਿਆਸੀ ਆਗੂਆਂ ਦੁਆਰਾ ਅਕਸਰ ਹੀ ਹਿੰਦੂ ਆਬਾਦੀ ਵਧਾਉਣ ਬਾਰੇ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ ਜਦਕਿ ਹਿੰਦੂ ਭਾਈਚਾਰਾ ਭਾਰਤ ਵਿੱਚ ਸਭ ਤੋਂ ਵੱਡੀ ਆਬਾਦੀ ਹੈ। ਮੁਸਲਿਮ ਭਾਈਚਾਰੇ ਵਿਚ ਬੱਚੇ ਵਧ ਪੈਦਾ ਕਰਨ ਦਾ ਆਮ ਰੁਝਾਨ ਦੇਖਣ ਨੂੰ ਮਿਲਦਾ ਹੈ। ਇਸਾਈ ਭਾਈਚਾਰਾ ਭਾਵੇਂ ਪੂਰੇ ਭਾਰਤ ਵਿਚ ਘਟ ਗਿਣਤੀ ਹੈ ਪਰ ਇਸ ਉੱਤੇ ਇਹ ਦੋਸ਼ ਲੱਗਦਾ ਹੈ ਕਿ ਉਹ ਵਿਦੇਸ਼ੀ ਫੰਡਿੰਗ ਰਾਹੀਂ ਹੋਰ ਘਟ ਗਿਣਤੀਆਂ ਨੂੰ ਲਾਲਚ ਦੇ ਇਸਾਈ ਬਣਾ ਰਹੇ ਹਨ। ਪੰਜਾਬ ਵਿੱਚ ਇਹ ਰੁਝਾਨ ਸਰਹੱਦੀ ਇਲਾਕਿਆਂ ਵਿੱਚ ਆਮ ਦੇਖਿਆ ਜਾ ਸਕਦਾ ਹੈ।

ਇਹ ਕਾਰਨ ਆਪਣੀ ਜਗ੍ਹਾ ਠੀਕ ਹਨ ਪਰ ਅੱਜ ਪੜ੍ਹੀ-ਲਿਖੀ ਸਿੱਖ ਆਬਾਦੀ ਇਹ ਮਹਿਸੂਸ ਕਰਦੀ ਹੈ ਕਿ ਜੇਕਰ ਜ਼ਿਆਦਾ ਬੱਚੇ ਪੈਦਾ ਕੀਤੇ ਤਾਂ ਇਸ ਨਾਲ ਭਵਿੱਖ ਵਿੱਚ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਸਿੱਖ ਚਿੰਤਕ ਤੇ ਵਿਦਵਾਨ ਡਾ. ਬਲਕਾਰ ਸਿੰਘ ਭਾਜਪਾ ਲੀਡਰ ਡਾ. ਰਾਜੂ ਦੇ ਸੁਝਾਅ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਆਰ ਐੱਸ ਐੱਸ ਦੀ ਸੋਚ ਹੈ ਅਤੇ ਸਿੱਖਾਂ ਨੂੰ ਮੁਸਲਮਾਨ ਭਾਈਚਾਰੇ ਦੇ ਬਰਾਬਰ ਖੜ੍ਹਾ ਕਰਨਾ ਚਾਹ ਰਹੇ ਹਨ। ਇਸ ਲਈ ਸਿੱਖ ਕੌਮ ਦਾ ਮਸਲਾ ਹੈ ਅਤੇ ਇਸ ਦਾ ਹੱਲ ਕੌਮ ਹੀ ਕਰ ਸਕਦੀ ਹੈ। ਸਿੱਖ ਕਬਾਇਲੀ ਨਹੀਂ ਹਨ, ਉਹ ਪਹਿਲਾਂ ਹੀ ਜਾਗਰੂਕ ਹਨ। ਇਸੇ ਕਾਰਨ ਉਹ ਪੂਰੀ ਦੁਨੀਆ ਵਿਚ ਮਜ਼ਬੂਤ ਹਾਜ਼ਰੀ ਲਗਵਾ ਚੁੱਕੇ ਹਨ।

ਸਿੱਖ ਆਗੂ ਮਨਜੀਤ ਸਿੰਘ ਜੀ.ਕੇ. ਨੇ ਭਾਰਤ ਅਤੇ ਦੁਨੀਆ ਭਰ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਆਪਣੀ ਆਬਾਦੀ ਵਾਧੇ ਦੀ ਨਿਗਰਾਨੀ ਕਰਨ ਅਤੇ ਇਸ ਪ੍ਰਤੀ ਸੁਚੇਤ ਰਹਿਣ ਦਾ ਸੱਦਾ ਦਿੱਤਾ ਹੈ, ਉਨ੍ਹਾਂ ਨੇ ਆਪਣੀ ਆਬਾਦੀ ਵਾਧੇ ਦੀ ਦਰ ਵਿੱਚ 0.2 ਪ੍ਰਤੀਸ਼ਤ ਦੀ ਗਿਰਾਵਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ, ਕਿਉਂਕਿ ਸਿੱਖ ਪਹਿਲਾਂ ਹੀ ਇੱਕ ਬਹੁਤ ਘੱਟ ਗਿਣਤੀ ਹਨ, ਅਤੇ ਵਿਕਾਸ ਦਰ ਵਿੱਚ ਗਿਰਾਵਟ ਆਉਣ ਵਾਲੀਆਂ ਪੀੜ੍ਹੀਆਂ ਲਈ ਗੰਭੀਰ ਨਤੀਜੇ ਭੁਗਤ ਸਕਦੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਇੱਕ ਯੋਧਾ ਭਾਈਚਾਰਾ ਹੈ ਅਤੇ ਉਨ੍ਹਾਂ ਨੂੰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ, ਕਿਉਂਕਿ ਉਹ ਖੇਡਾਂ, ਫੌਜ, ਉਦਯੋਗ, ਉੱਦਮਤਾ, ਕਾਰੋਬਾਰ ਅਤੇ ਸੂਚਨਾ ਤਕਨਾਲੋਜੀ ਵਰਗੇ ਸਾਰੇ ਖੇਤਰਾਂ ਵਿੱਚ ਆਪਣੀਆਂ ਪ੍ਰਾਪਤੀਆਂ ਲਈ ਦੁਨੀਆ ਭਰ ਵਿੱਚ ਮਸ਼ਹੂਰ ਹਨ, ਅਤੇ ਆਪਣੀ ਘੱਟ ਗਿਣਤੀ ਦੇ ਬਾਵਜੂਦ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ, ਹੁਨਰਮੰਦ ਕਾਰਜਬਲ ਬਣਾਉਂਦੇ ਹਨ। ਉਨ੍ਹਾਂ ਅੱਗੇ (ਬਾਕੀ ਸਫਾ 2 'ਤੇ)

## ਸੰਪਾਦਕੀ

# ਜਵਾਬਦੇਹੀ ਕਿਸਦੀ ?

ਇਸ ਤੋਂ ਵੱਡੀ ਵਿਡੰਬਨਾ ਕੀ ਹੋ ਸਕਦੀ ਹੈ ਕਿ ਇੱਕ ਪ੍ਰੀਖਿਆ, ਜੋ ਲੱਖਾਂ ਵਿਦਿਆਰਥੀ ਆਪਣੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਆਤਮਵਿਸ਼ਵਾਸ ਨਾਲ ਲੈਂਦੇ ਹਨ, ਸਿਰਫ਼ ਉਨ੍ਹਾਂ ਲੋਕਾਂ ਲਈ ਹੀ ਹੁੰਦੀ ਹੈ, ਜਿਨ੍ਹਾਂ ਕੋਲ ਇਸਦੇ ਪ੍ਰਸ਼ਨ ਪੱਤਰਾਂ ਤੱਕ ਪਹੁੰਚ ਹੁੰਦੀ ਹੈ? ਦੇਸ਼ ਭਰ ਵਿੱਚ ਆਯੋਜਿਤ ਰਾਸ਼ਟਰੀ ਯੋਗਤਾ-ਕਮ-ਦਾਖਲਾ ਪ੍ਰੀਖਿਆ, ਨੂੰ ਹਮੇਸ਼ਾ ਸਭ ਤੋਂ ਵਧੀਆ ਪ੍ਰਬੰਧਨ ਹੇਠ ਕਰਵਾਏ ਜਾਣ ਦਾ ਦਾਅਵਾ ਕੀਤਾ ਜਾਂਦਾ ਰਿਹਾ ਹੈ। ਹਾਲਾਂਕਿ, ਪਿਛਲੇ ਕੁਝ ਸਾਲਾਂ ਵਿੱਚ ਸਾਹਮਣੇ ਆਈਆਂ ਬੇਨਿਯਮੀਆਂ ਦੇ ਪੈਮਾਨੇ ਨੇ ਇਹ ਸਵਾਲ ਖੜ੍ਹਾ ਕੀਤਾ ਹੈ: ਕੀ ਪ੍ਰੀਖਿਆ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਨੂੰ ਸਿਰਫ਼ ਕੁਝ ਰਸਮੀ ਅਤੇ ਸਤਹੀ ਕਦਮ ਚੁੱਕ ਕੇ ਕੰਟਰੋਲ ਕੀਤਾ ਜਾ ਸਕਦਾ ਹੈ? ਇਸ ਸਾਲ ਨੇ ਫਿਰ ਸਾਬਤ ਕਰ ਦਿੱਤਾ ਹੈ ਕਿ ਪਿਛਲੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ ਸੀ ਅਤੇ ਪ੍ਰੀਖਿਆ ਦੀ ਪਾਰਦਰਸ਼ਤਾ ਅਤੇ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਨਹੀਂ ਚੁੱਕੇ ਗਏ ਸਨ। ਨਤੀਜੇ ਵਜੋਂ, ਇਸ ਮਹੀਨੇ ਦੇ ਸ਼ੁਰੂ ਵਿੱਚ ਹੋਈ ਨੀਟ ਯੂ ਜੀ ਪ੍ਰਸ਼ਨ ਪੱਤਰ ਲੀਕ ਦੀ ਖ਼ਬਰ ਫੈਲ ਗਈ। ਮੁੱਦਾ ਵਧਣ ਤੋਂ ਬਾਅਦ, ਪ੍ਰੀਖਿਆ ਨੂੰ ਰੱਦ ਕਰਨਾ ਆਖਰੀ ਉਪਾਅ ਮੰਨਿਆ ਗਿਆ, ਜਿਸ ਨਾਲ ਲਗਭਗ 2.2 ਮਿਲੀਅਨ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ। ਸਵਾਲ ਇਹ ਹੈ ਕਿ ਇਸ ਅਫਸੋਸਜਨਕ ਸਥਿਤੀ ਲਈ ਮੁੱਖ ਜ਼ਿੰਮੇਵਾਰੀ ਕਿਸਦੀ ਹੈ। ਕੀ ਨੈਸ਼ਨਲ ਟੈਸਟਿੰਗ ਏਜੰਸੀ, ਜਿਸਨੇ ਲਗਾਤਾਰ ਸਭ ਤੋਂ ਵਧੀਆ ਸੰਭਵ ਪ੍ਰਣਾਲੀ ਦੇ ਤਹਿਤ ਪ੍ਰੀਖਿਆਵਾਂ ਕਰਵਾਉਣ ਦਾ ਵਾਅਦਾ ਕੀਤਾ ਹੈ, ਅਜੇ ਵੀ ਨੀਟ ਯੂ ਜੀ ਪ੍ਰਸ਼ਨ ਪੱਤਰ ਲੀਕ ਸਮੇਤ ਲਗਾਤਾਰ ਬੇਨਿਯਮੀਆਂ ਦੇ ਬਾਵਜੂਦ ਆਪਣੀ ਭਰੋਸੇਯੋਗਤਾ ਅਤੇ ਸਾਖ ਨੂੰ ਬਰਕਰਾਰ ਰੱਖਣ ਦਾ ਦਾਅਵਾ ਕਰ ਸਕਦੀ ਹੈ? ਲੀਕ ਹੋਏ ਪ੍ਰਸ਼ਨ ਪੱਤਰਾਂ, ਰਾਜਸਥਾਨ ਦੇ ਕਈ ਕੋਚਿੰਗ ਸੰਸਥਾਵਾਂ ਤੱਕ ਪਹੁੰਚਣ ਅਤੇ ਵਿਦਿਆਰਥੀਆਂ ਨੂੰ ਕਾਫ਼ੀ ਰਕਮਾਂ ਲਈ ਵੇਚੇ ਜਾਣ ਦੀਆਂ ਰਿਪੋਰਟਾਂ ਤੋਂ ਬਾਅਦ, ਸਰਕਾਰ ਨੇ ਸੀ ਬੀ ਆਈ ਨੂੰ ਪੂਰੀ ਜਾਂਚ ਸੌਂਪੀ। ਉਦੋਂ ਤੋਂ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ, ਜਿਸ ਵਿੱਚ ਨੀਟ ਪ੍ਰੀਖਿਆ ਪ੍ਰਕਿਰਿਆ ਵਿੱਚ ਸ਼ਾਮਲ ਇੱਕ ਨੈਸ਼ਨਲ ਟੈਸਟਿੰਗ ਏਜੰਸੀ ਮਾਹਰ ਵੀ ਸ਼ਾਮਲ ਹੈ। ਜੇਕਰ ਨੈਸ਼ਨਲ ਟੈਸਟਿੰਗ ਏਜੰਸੀ ਵਿੱਚ ਇੰਨੀ ਮਹੱਤਵਪੂਰਨ ਜ਼ਿੰਮੇਵਾਰੀ ਸੰਭਾਲਣ ਵਾਲੇ ਕਿਸੇ ਵਿਅਕਤੀ 'ਤੇ ਪ੍ਰਸ਼ਨ ਪੱਤਰ ਲੀਕ ਕਰਨ ਦਾ ਦੋਸ਼ ਹੈ, ਤਾਂ ਕਿਸੇ ਸੰਸਥਾ ਦੀ ਭਰੋਸੇਯੋਗਤਾ ਦਾ ਕੀ ਮੁੱਲ ਹੈ? ਇਹ ਧਿਆਨ ਦੇਣ ਯੋਗ ਹੈ ਕਿ ਰਾਧਾਕ੍ਰਿਸ਼ਨਨ ਕਮੇਟੀ ਨੇ ਆਪਣੀਆਂ ਰਿਪੋਰਟਾਂ ਵਿੱਚ ਅਜਿਹੀਆਂ ਬੇਨਿਯਮੀਆਂ ਨੂੰ ਦੂਰ ਕਰਨ ਲਈ ਨੈਸ਼ਨਲ ਟੈਸਟਿੰਗ ਏਜੰਸੀ ਦੇ ਅੰਦਰ ਢਾਂਚਾਗਤ ਸੁਧਾਰਾਂ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਇਲਾਵਾ ਸੰਸਦ ਨੇ ਪ੍ਰੀਖਿਆਵਾਂ ਨਾਲ ਸਬੰਧਤ ਕਿਸੇ ਵੀ ਸੰਗਠਿਤ ਪੇਪਰ ਲੀਕ ਲਈ ਦਸ ਸਾਲ ਦੀ ਕੈਦ ਦੀ ਵਿਵਸਥਾ ਕਰਨ ਵਾਲਾ ਕਾਨੂੰਨ ਪਾਸ ਕੀਤਾ। ਇਸ ਤੋਂ ਇਲਾਵਾ ਆਧੁਨਿਕ ਤਕਨਾਲੋਜੀ ਨਾਲ ਲੈਸ ਇੱਕ ਬਹੁ-ਪੱਧਰੀ ਸੁਰੱਖਿਆ ਪ੍ਰਣਾਲੀ, ਜਿਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਾਲੇ ਸੀ ਸੀ ਟੀ ਵੀ ਕੈਮਰੇ ਸ਼ਾਮਲ ਹਨ, ਨੂੰ ਹੋਰ ਸਾਰੀਆਂ ਕਮੀਆਂ ਨੂੰ ਦੂਰ ਕਰਨ ਲਈ ਲਾਗੂ ਕੀਤਾ ਗਿਆ ਸੀ। ਇਸ ਸਭ ਦੇ ਬਾਵਜੂਦ, ਜੇਕਰ ਨੀਟ ਯੂ ਜੀ ਪ੍ਰਸ਼ਨ ਪੱਤਰ ਲੀਕ ਹੋਇਆ ਸੀ ਅਤੇ ਇੱਥੋਂ ਤੱਕ ਕਿ ਪ੍ਰੀਖਿਆ ਰੱਦ ਕਰਨ ਦਾ ਕਾਰਨ ਵੀ ਬਣਿਆ ਸੀ, ਤਾਂ ਇਹ ਕਿਸਦੀ ਅਸਫਲਤਾ ਹੈ? ਹੁਣ ਤੱਕ ਹੋਈਆਂ ਗ੍ਰਿਫਤਾਰੀਆਂ ਨੂੰ ਦੇਖਦੇ ਹੋਏ, ਕੀ ਇਸ ਵਿਆਪਕ ਦੁਰਾਚਾਰ ਦਾ ਦਾਇਰਾ ਹੇਠਲੇ ਪੱਧਰ ਦੇ ਦੋਸ਼ੀਆਂ ਤੱਕ ਸੀਮਤ ਹੈ? ਨੀਟ ਯੂ ਜੀ ਪ੍ਰੀਖਿਆ ਨਾਲ ਜੁੜੀ ਇਹ ਪਹਿਲੀ ਅਜਿਹੀ ਘਟਨਾ ਨਹੀਂ ਹੈ। ਪਹਿਲਾਂ ਵੀ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਦੀਆਂ ਰਿਪੋਰਟਾਂ ਆ ਚੁੱਕੀਆਂ ਹਨ। ਸੱਚਾਈ ਇਹ ਹੈ ਕਿ ਪ੍ਰਸ਼ਨ ਪੱਤਰ ਲੀਕ ਦੀ ਇਸ ਸਮੱਸਿਆ ਨੂੰ ਖਤਮ ਕਰਨ ਲਈ, ਉੱਚ ਪੱਧਰ 'ਤੇ ਜਵਾਬਦੇਹੀ ਜ਼ਰੂਰੀ ਹੈ। ਨਹੀਂ ਤਾਂ, ਪਾਰਦਰਸ਼ਤਾ ਦੀ ਘਾਟ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਖਤਰੇ ਵਿੱਚ ਪਾ ਦੇਵੇਗੀ ਜੋ ਆਪਣੀ ਸਖ਼ਤ ਮਿਹਨਤ ਨਾਲ ਪ੍ਰੀਖਿਆ ਦਿੰਦੇ ਹਨ। ਲਾਤੂਰ ਵਿੱਚ ਆਰ ਸੀ ਸੀ ਕਲਾਸਾਂ ਦੇ ਸੰਸਥਾਪਕ ਸ਼ਿਵਰਾਜ ਮੋਟੇਗਾਂਵਕਰ ਦੀ ਗ੍ਰਿਫ਼ਤਾਰੀ ਨੇ ਕੋਚਿੰਗ ਉਦਯੋਗ ਦੇ ਲੋਕਾਂ ਨੂੰ ਡੂੰਘਾ ਝਟਕਾ ਦਿੱਤਾ ਹੈ। ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਇੱਕ ਵਿਅਕਤੀ ਜਿਸਨੇ ਸਾਈਕਲ 'ਤੇ ਟਿਊਸ਼ਨ ਪੜ੍ਹਾਉਣ ਤੋਂ ਲੈ ਕੇ ਲਗਜ਼ਰੀ ਕਾਰਾਂ ਚਲਾਉਣ ਤੱਕ ਕੰਮ ਕੀਤਾ, ਹੁਣ ਪੇਪਰ ਲੀਕ ਮਾਮਲੇ ਵਿੱਚ ਦੋਸ਼ੀ ਬਣ ਗਿਆ ਹੈ। ਹਰ ਕੋਈ ਸ਼ਿਵਰਾਜ ਮੋਟੇਗਾਂਵਕਰ ਬਾਰੇ ਹੋਰ ਜਾਣਨਾ ਚਾਹੁੰਦਾ ਹੈ।

**-ਜਗਜੀਤ ਸਿੰਘ ਦਰਦੀ**

# ਇਟਲੀ ਅਤੇ ਭਾਰਤ: ਇੰਡੋ-ਭੂਮੱਧ-ਸਾਗਰੀ ਖੇਤਰ ਲਈ ਇੱਕ ਰਣਨੀਤਕ ਭਾਈਵਾਲੀ

**ਪੀ.ਆਈ.ਬੀ.**

ਭਾਰਤ ਤੇ ਇਟਲੀ ਦੇ ਸਬੰਧ ਹੁਣ ਇੱਕ ਫੈਸਲਾਕੁੰਨ ਦੌਰ ਵਿੱਚ ਪਹੁੰਚ ਚੁੱਕੇ ਹਨ। ਹਾਲੀਆ ਸਾਲਾਂ ਵਿੱਚ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਬੇਮਿਸਾਲ ਤੇਜ਼ੀ ਨਾਲ ਵਿਸਤਾਰ ਹੋਇਆ ਹੈ। ਇਹ ਸਬੰਧ ਸਿਰਫ ਸੁਹਿਰਦ ਦੋਸਤੀ ਤੱਕ ਹੀ ਸੀਮਤ ਨਹੀਂ ਰਹੇ, ਸਗੋਂ ਹੁਣ ਆਜ਼ਾਦੀ ਅਤੇ ਲੋਕਤੰਤਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਅਤੇ ਭਵਿੱਖ ਦੇ ਸਾਂਝੇ ਦ੍ਰਿਸ਼ਟੀਕੋਣ 'ਤੇ ਅਧਾਰਤ ਇੱਕ ਵਿਸ਼ੇਸ਼ ਰਣਨੀਤਕ ਭਾਈਵਾਲੀ ਵਿੱਚ ਬਦਲ ਚੁੱਕੇ ਹਨ। ਅਜਿਹੇ ਸਮੇਂ ਵਿੱਚ ਜਦੋਂ ਪੂਰੀ ਦੁਨੀਆ ਦੀ ਵਿਵਸਥਾ ਵੱਡੇ ਬਦਲਾਅ ਦੇ ਦੌਰ ਵਿੱਚੋਂ ਲੰਘ ਰਹੀ ਹੈ, ਇਟਲੀ ਤੇ ਭਾਰਤ ਦੀ ਭਾਈਵਾਲੀ ਉੱਚ ਸਿਆਸੀ ਤੇ ਸੰਸਥਾਗਤ ਪੱਧਰ 'ਤੇ ਲਗਾਤਾਰ ਸੰਵਾਦ ਨਾਲ ਅੱਗੇ ਵੱਧ ਰਹੀ ਹੈ। ਇਹ ਸਬੰਧ ਹੁਣ ਇੱਕ ਨਵੇਂ ਤੇ ਵਧੇਰੇ ਵਿਆਪਕ ਪੱਧਰ 'ਤੇ ਪਹੁੰਚ ਰਿਹਾ ਹੈ, ਜਿਸ ਵਿੱਚ ਦੋਵਾਂ ਦੇਸ਼ਾਂ ਦੀ ਆਰਥਿਕ ਤਾਕਤ, ਸਮਾਜਿਕ ਰਣਨੀਤਕਤਾ ਤੇ ਹਜ਼ਾਰਾਂ ਸਾਲ ਪੁਰਾਣੀ ਸਭਿਅਕ ਵਿਰਾਸਤ ਸ਼ਾਮਲ ਹੈ।

ਸਾਡਾ ਸਹਿਯੋਗ ਇਸ ਸਾਂਝੀ ਸਮਝ ਨੂੰ ਦਰਸਾਉਂਦਾ ਹੈ ਕਿ 21ਵੀਂ ਸਦੀ ਵਿੱਚ ਖੁਸ਼ਹਾਲੀ ਅਤੇ ਸੁਰੱਖਿਆ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਦੇਸ਼ ਕਿੰਨੀ ਸਮਰੱਥਾ ਨਾਲ ਨਵੀਨਤਾ ਕਰਦੇ ਹਨ, ਊਰਜਾ ਪਰਿਵਰਤਨ ਦਾ ਪ੍ਰਬੰਧਨ ਕਰਦੇ ਹਨ ਤੇ ਆਪਣੀ ਰਣਨੀਤਕ ਆਤਮ-ਨਿਰਭਰਤਾ ਨੂੰ ਮਜ਼ਬੂਤ ਕਰਦੇ ਹਨ। ਇਸੇ ਉਦੇਸ਼ ਨਾਲ ਅਸੀਂ ਆਪਣੇ ਦੁਵੱਲੇ ਸਬੰਧਾਂ ਨੂੰ ਹੋਰ ਡੂੰਘਾ ਤੇ ਵਿਭਿੰਨ ਬਣਾਉਣ ਦਾ ਸੰਕਲਪ ਲਿਆ ਹੈ ਤਾਂ ਜੋ ਨਵੇਂ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ ਤੇ ਦੋਵਾਂ ਦੇਸ਼ਾਂ ਦੀਆਂ ਪੂਰਕ ਸ਼ਕਤੀਆਂ ਦੀ ਬਿਹਤਰ ਵਰਤੋਂ ਹੋ ਸਕੇ। ਅਸੀਂ ਇਟਲੀ ਦੀ ਡਿਜ਼ਾਈਨ ਸਮਰੱਥਾ, ਸ਼ਾਨਦਾਰ ਨਿਰਮਾਣ ਹੁਨਰ ਤੇ ਵਿਸ਼ਵ ਪੱਧਰੀ ਸੁਪਰਕੰਪਿਊਟਰ ਤਕਨਾਲੋਜੀ—ਜੋ ਇਸਨੂੰ ਇੱਕ ਉਦਯੋਗਿਕ ਮਹਾਂਸ਼ਕਤੀ ਬਣਾਉਂਦੀ ਹੈ, ਨੂੰ ਭਾਰਤ ਦੇ ਤੇਜ਼ ਆਰਥਿਕ ਵਿਕਾਸ, ਇੰਜੀਨੀਅਰਿੰਗ ਪ੍ਰਤਿਭਾ, ਵੱਡੇ ਪੈਮਾਨੇ ਦੀ ਸਮਰੱਥਾ, ਨਵੀਨਤਾ ਤੇ 100 ਤੋਂ ਵੱਧ ਯੂਨੀਕੋਰਨਾਂ ਤੇ 2 ਲੱਖ ਸਟਾਰਟ-ਅੱਪਸ ਵਾਲੇ ਉੱਦਮੀ ਈਕੋਸਿਸਟਮ ਨਾਲ ਜੋੜ ਕੇ ਇੱਕ ਸ਼ਕਤੀਸ਼ਾਲੀ ਤਾਲਮੇਲ ਬਣਾਉਣਾ ਚਾਹੁੰਦੇ ਹਾਂ। ਇਹ ਸਿਰਫ਼ ਦੋ ਅਰਥ-ਵਿਵਸਥਾਵਾਂ ਦਾ ਸਾਧਾਰਨ ਮੇਲ ਨਹੀਂ ਹੈ, ਸਗੋਂ ਅਜਿਹਾ ਸਾਂਝਾ ਮੁੱਲ ਨਿਰਮਾਣ ਹੈ, ਜਿਸ ਵਿੱਚ ਦੋਵਾਂ ਦੇਸ਼ਾਂ ਦੀਆਂ ਉਦਯੋਗਿਕ ਤਾਕਤਾਂ ਇੱਕ-ਦੂਜੇ ਨੂੰ ਹੋਰ ਵੱਧ ਮਜ਼ਬੂਤ ਕਰਦੀਆਂ ਹਨ।

ਯੂਰਪੀਅਨ ਯੂਨੀਅਨ ਅਤੇ ਭਾਰਤ ਵਿਚਾਲੇ ਮੁਕਤ ਵਪਾਰ ਸਮਝੌਤਾ (ਐੱਫਟੀਏ) ਦੋਵਾਂ ਦਿਸ਼ਾਵਾਂ ਵਿੱਚ ਵਪਾਰ ਤੇ ਨਿਵੇਸ਼ ਵਧਾਉਣ ਦਾ ਰਸਤਾ ਖੋਲ੍ਹਦਾ ਹੈ। ਸਾਡਾ ਟੀਚਾ 2029 ਤੱਕ ਭਾਰਤ ਅਤੇ ਇਟਲੀ ਵਿਚਕਾਰ ਵਪਾਰ ਨੂੰ 20 ਅਰਬ ਯੂਰੋ ਤੋਂ ਅੱਗੇ ਲੈ ਜਾਣਾ ਹੈ। ਇਸ ਵਿੱਚ ਰੱਖਿਆ ਅਤੇ ਏਰੋਸਪੇਸ, ਸਵੱਛ ਤਕਨਾਲੋਜੀ, ਮਸ਼ੀਨਰੀ, ਆਟੋਮੋਬਾਈਲ ਪੁਰਜ਼ੇ, ਰਸਾਇਣ, ਦਵਾਈਆਂ, ਕੱਪੜਾ, ਖੇਤੀ-ਖੁਰਾਕ ਖੇਤਰ ਤੇ ਸੈਰ-ਸਪਾਟੇ ਸਮੇਤ ਕਈ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। "ਮੇਡ ਇਨ ਇਟਲੀ" ਹਮੇਸ਼ਾ ਤੋਂ ਦੁਨੀਆ ਭਰ ਵਿੱਚ ਗੁਣਵੱਤਾ ਦਾ ਪ੍ਰਤੀਕ ਰਿਹਾ ਹੈ ਤੇ ਅੱਜ ਇਸ ਦਾ ਸੁਭਾਵਿਕ ਤਾਲਮੇਲ "ਮੇਕ ਇਨ ਇੰਡੀਆ" ਪਹਿਲਕਦਮੀ ਦੇ ਉੱਚ-ਗੁਣਵੱਤਾ ਵਾਲੇ ਟੀਚਿਆਂ ਨਾਲ ਦਿਖਾਈ ਦਿੰਦਾ ਹੈ। ਇਸ ਸੰਦਰਭ ਵਿੱਚ, ਭਾਰਤ ਲਈ ਉਤਪਾਦਨ ਵਿੱਚ ਇਤਾਲਵੀ ਕੰਪਨੀਆਂ ਦੀ ਵੱਧ ਰਹੀ ਦਿਲਚਸਪੀ ਤੇ ਇਟਲੀ ਵਿੱਚ ਭਾਰਤੀ ਉਦਯੋਗਾਂ ਦੀ ਵੱਧ ਰਹੀ ਮੌਜੂਦਗੀ ਜੋ ਹੁਣ ਦੋਵਾਂ ਪੱਖਾਂ ਨੂੰ ਮਿਲਾ ਕੇ 1000 ਤੋਂ ਵੱਧ ਹੋ ਚੁੱਕੀ ਹੈ, ਇੱਕ ਸਕਾਰਾਤਮਕ ਸੰਕੇਤ ਹੈ। ਇਹ ਸਾਡੀ ਸਪਲਾਈ ਚੇਨ ਦੇ ਏਕੀਕਰਨ ਨੂੰ ਹੋਰ ਮਜ਼ਬੂਤ ਕਰੇਗੀ। ਤਕਨੀਕੀ ਨਵੀਨਤਾ ਸਾਡੀ ਭਾਈਵਾਲੀ ਦਾ ਸਭ ਤੋਂ ਮਹੱਤਵਪੂਰਨ ਆਧਾਰ ਹੈ। ਆਉਣ ਵਾਲੇ ਦਹਾਕਿਆਂ ਵਿੱਚ, ਦੁਨੀਆ ਵੱਡੇ ਤਕਨੀਕੀ ਬਦਲਾਅ ਦੇ ਦੌਰ ਵਿੱਚੋਂ ਗੁਜ਼ਰੇਗੀ, ਜਿਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ), ਕੁਆਂਟਮ ਕੰਪਿਊਟਿੰਗ, ਉੱਨਤ ਨਿਰਮਾਣ, ਮਹੱਤਵਪੂਰਨ ਖਣਿਜ ਅਤੇ ਡਿਜੀਟਲ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਵਿੱਚ ਤੇਜ਼ੀ ਨਾਲ ਤਰੱਕੀ ਹੋਵੇਗੀ। ਭਾਰਤ ਦਾ ਤੇਜ਼ੀ ਨਾਲ ਵੱਧ ਰਿਹਾ ਨਵੀਨਤਾ ਈਕੋਸਿਸਟਮ ਤੇ ਕੁਸ਼ਲ ਪੇਸ਼ਾਵਰਾਂ ਦੀ ਵੱਡੀ ਗਿਣਤੀ ਅਤੇ ਇਟਲੀ ਦੀ ਉੱਨਤ ਉਦਯੋਗਿਕ ਸਮਰੱਥਾ—ਇਨ੍ਹਾਂ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦੇ ਸਹਿਯੋਗ ਨੂੰ ਸੁਭਾਵਿਕ ਤੇ ਰਣਨੀਤਕ ਬਣਾਉਂਦੀ ਹੈ। ਦੋਵਾਂ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਵਿਚਕਾਰ ਵੱਧ ਰਹੀ ਭਾਈਵਾਲੀ ਵੀ ਇਸ ਨੂੰ ਮਜ਼ਬੂਤੀ ਦੇਵੇਗੀ। ਭਾਰਤ ਦਾ ਡਿਜੀਟਲ ਪਬਲਿਕ ਇਨਫਰਾਸਟਰਕਚਰ (ਡੀਪੀਆਈ) ਪਹਿਲਾਂ ਹੀ ਦੁਨੀਆ ਦੇ ਕਈ ਦੇਸ਼ਾਂ, ਖਾਸ ਕਰਕੇ ਗਲੋਬਲ ਸਾਊਥ ਦੇ ਦੇਸ਼ਾਂ ਲਈ ਖਿੱਚ ਦਾ ਕੇਂਦਰ ਬਣ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅੱਜ ਸਾਡੇ ਸਮਾਜ ਅਤੇ ਆਲਮੀ ਅਰਥਚਾਰੇ 'ਤੇ ਡੂੰਘਾ ਪ੍ਰਭਾਵ ਪਾ ਰਹੀ ਹੈ। ਇਟਲੀ ਅਤੇ ਭਾਰਤ ਲੰਬੇ ਸਮੇਂ ਤੋਂ ਇਸ ਦਿਸ਼ਾ ਵਿੱਚ ਸਹਿਯੋਗ ਕਰ ਰਹੇ ਹਨ, ਤਾਂ ਜੋ ਏਆਈ ਦਾ ਵਿਕਾਸ ਜ਼ਿੰਮੇਵਾਰ ਅਤੇ ਮਨੁੱਖ-ਕੇਂਦਰਿਤ ਹੋਵੇ। ਭਾਰਤ ਅਤੇ ਇਟਲੀ ਏਆਈ ਨੂੰ ਸਮਾਵੇਸ਼ੀ ਵਿਕਾਸ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਵੀ ਮੰਨਦੇ ਹਨ, ਖਾਸ ਕਰਕੇ ਗਲੋਬਲ ਸਾਊਥ ਦੇ ਦੇਸ਼ਾਂ ਲਈ। ਡਿਜੀਟਲ ਪਬਲਿਕ ਇਨਫਰਾਸਟਰਕਚਰ ਅਤੇ ਆਸਾਨ, ਬਹੁ-ਭਾਸ਼ਾਈ ਤਕਨੀਕਾਂ ਰਾਹੀਂ, ਏਆਈ ਸਮਾਜਿਕ ਅਤੇ ਡਿਜੀਟਲ ਪਾੜੇ ਨੂੰ ਘਟਾ ਸਕਦਾ ਹੈ, ਨਾ ਕਿ ਉਨ੍ਹਾਂ ਨੂੰ ਹੋਰ ਵਧਾ ਸਕਦਾ ਹੈ। ਭਾਰਤ ਦੇ ਮਾਨਵ ਦ੍ਰਿਸ਼ਟੀਕੋਣ- ਭਾਵ ਤਕਨੀਕ ਦੇ ਕੇਂਦਰ ਵਿੱਚ ਮਨੁੱਖ ਨੂੰ ਰੱਖਣ ਦੀ ਸੋਚ ਅਤੇ ਇਟਲੀ ਦੀ ਮਨੁੱਖ-ਕੇਂਦਰਿਤ "ਐਲਗੋਰ-ਐਥਿਕਸ" ਦੀ ਧਾਰਨਾ, ਜੋ ਉਸਦੀ ਮਾਨਵਤਾਵਾਦੀ ਪਰੰਪਰਾ 'ਤੇ ਅਧਾਰਤ ਹੈ, 'ਤੇ ਅੱਗੇ ਵਧਦੇ ਹੋਏ ਸਾਡੀ ਭਾਈਵਾਲੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਮਾਜਿਕ ਸਸ਼ਕਤੀਕਰਨ ਦਾ ਮਾਧਿਅਮ ਬਣੇ। ਸਾਡਾ ਦ੍ਰਿਸ਼ਟੀਕੋਣ ਭਾਰਤ ਦੀ ਵਿਸ਼ਾਲ ਡਿਜੀਟਲ ਸਮਰੱਥਾ ਨੂੰ ਇਟਲੀ ਦੀ ਨੈਤਿਕ ਅਤੇ ਉਦਯੋਗਿਕ ਮੁਹਾਰਤ ਨਾਲ ਜੋੜਦਾ ਹੈ, ਤਾਂ ਜੋ ਤਕਨੀਕ ਮਨੁੱਖਤਾ ਦੀ ਸੇਵਾ ਕਰ ਸਕੇ।



ਨਰੇਂਦਰ ਮੋਦੀ, ਭਾਰਤ ਦੇ ਪ੍ਰਧਾਨ ਮੰਤਰੀ



ਜੌਰਜੀਆ ਮੇਲੋਨੀ, ਇਟਲੀ ਗਣਰਾਜ ਦੀ ਮੰਤਰੀ ਮੰਡਲ ਦੀ ਪ੍ਰਧਾਨ

ਸੁਰੱਖਿਅਤ ਡਿਜੀਟਲ ਸਹਿਯੋਗ, ਸਮਰੱਥਾ ਨਿਰਮਾਣ ਅਤੇ ਮਜ਼ਬੂਤ ਸਾਈਬਰ ਢਾਂਚੇ ਨਾਲ ਸਬੰਧਤ ਸ੍ਰੇਸ਼ਠ ਕਾਰਜਪ੍ਰਣਾਲੀਆਂ ਨੂੰ ਸਾਂਝਾ ਕਰਕੇ, ਅਸੀਂ ਇੱਕ ਅਜਿਹਾ ਖੁੱਲ੍ਹਾ, ਭਰੋਸੇਮੰਦ ਅਤੇ ਬਰਾਬਰ ਡਿਜੀਟਲ ਵਾਤਾਵਰਨ ਬਣਾਉਣਾ ਚਾਹੁੰਦੇ ਹਾਂ, ਜਿਸ ਵਿੱਚ ਹਰ ਦੇਸ਼ ਏਆਈ ਦੀ ਵਰਤੋਂ ਕਰ ਸਕੇ ਅਤੇ ਉਸਤੋਂ ਫਾਇਦਾ ਲੈ ਸਕੇ। ਇਹੀ ਸੋਚ ਇਟਲੀ ਦੀ ਜੀ7 ਪ੍ਰਧਾਨਗੀ ਅਤੇ 2026 ਵਿੱਚ ਨਵੀਂ ਦਿੱਲੀ ਵਿੱਚ ਹੋਣ ਵਾਲੇ ਏਆਈ ਇਮਪੈਕਟ ਸਮਿਟ ਦੇ ਸਿੱਟਿਆਂ ਦਾ ਮੁੱਖ ਆਧਾਰ ਹੈ। ਏਆਈ ਨੂੰ ਇਨਸਾਨਾਂ ਵੱਲੋਂ ਇਨਸਾਨਾਂ ਲਈ ਬਣਾਈ ਗਈ ਤਕਨੀਕ ਮੰਨਣ ਦਾ ਅਰਥ ਹੈ, ਇਹ ਸਪੱਸ਼ਟ ਕਰਨਾ ਕਿ ਤਕਨੀਕ ਨਾ ਤਾਂ ਮਨੁੱਖ ਦੀ ਜਗ੍ਹਾ ਲੈ ਸਕਦੀ ਹੈ ਅਤੇ ਨਾ ਹੀ ਉਸਦੇ ਮੂਲ ਅਧਿਕਾਰਾਂ ਨੂੰ ਕਮਜ਼ੋਰ ਕਰ ਸਕਦੀ ਹੈ। ਇਸਦੀ ਵਰਤੋਂ ਜਨਮਤ ਨੂੰ ਪ੍ਰਭਾਵਿਤ ਕਰਨ ਜਾਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਦਖਲਅੰਦਾਜ਼ੀ ਕਰਨ ਲਈ ਵੀ ਨਹੀਂ ਹੋਣੀ ਚਾਹੀਦੀ।

ਅੱਜ ਦੀ ਤੇਜ਼ੀ ਨਾਲ ਜੁੜੀ ਹੋਈ ਦੁਨੀਆ ਵਿੱਚ ਆਜ਼ਾਦੀ ਅਤੇ ਮਨੁੱਖੀ ਇੱਜ਼ਤ ਦੀ ਰੱਖਿਆ ਦਾ ਸਾਡਾ ਦ੍ਰਿਸ਼ਟੀਕੋਣ ਇਸੇ ਚੁਣੌਤੀ 'ਤੇ ਅਧਾਰਤ ਹੈ। ਸਾਡਾ ਸਹਿਯੋਗ ਪੁਲਾੜ ਖੇਤਰ ਤੱਕ ਵੀ ਫੈਲਿਆ ਹੋਇਆ ਹੈ। ਪੁਲਾੜ ਖੋਜ ਅਤੇ ਸੈਟੇਲਾਈਟ ਤਕਨਾਲੋਜੀ ਵਿੱਚ ਭਾਰਤ ਦੀ ਸ਼ਾਨਦਾਰ ਤਰੱਕੀ ਅਤੇ ਇਟਲੀ ਦੀ ਏਰੋਸਪੇਸ ਇੰਜੀਨੀਅਰਿੰਗ ਵਿੱਚ ਉੱਤਮਤਾ, ਸਾਂਝੇ ਪ੍ਰੋਜੈਕਟਾਂ ਅਤੇ ਨਵੀਂ ਪੀੜ੍ਹੀ ਦੀਆਂ ਤਕਨੀਕਾਂ ਦੇ ਵਿਕਾਸ ਲਈ ਵੱਡੇ ਮੌਕੇ ਪ੍ਰਦਾਨ ਕਰਦੀ ਹੈ।

ਕੌਮਾਂ ਦੀ ਖੁਸ਼ਹਾਲੀ ਯਕੀਨੀ ਬਣਾਉਣ ਲਈ ਸੁਰੱਖਿਆ ਅਤੇ ਸਥਿਰਤਾ ਬਹੁਤ ਜ਼ਰੂਰੀ ਹਨ। ਇਸ ਲਈ ਇਟਲੀ ਅਤੇ ਭਾਰਤ ਰੱਖਿਆ, ਸੁਰੱਖਿਆ ਅਤੇ ਰਣਨੀਤਕ ਤਕਨੀਕਾਂ ਵਰਗੇ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ। ਸਾਡਾ ਸਹਿਯੋਗ ਮਹੱਤਵਪੂਰਨ ਸਮੁੰਦਰੀ ਮਾਰਗਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਅੱਤਵਾਦ, ਅੰਤਰਰਾਸ਼ਟਰੀ ਅਪਰਾਧ ਨੈੱਟਵਰਕ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਸਾਈਬਰ ਅਪਰਾਧ ਅਤੇ ਮਨੁੱਖੀ ਤਸਕਰੀ ਵਰਗੀਆਂ ਚੁਣੌਤੀਆਂ ਦੇ ਖਿਲਾਫ ਮਜ਼ਬੂਤੀ ਵਧਾਉਣ ਵਿੱਚ ਮਦਦ ਕਰੇਗਾ।

ਊਰਜਾ ਸਾਡੀ ਭਾਈਵਾਲੀ ਦਾ ਇੱਕ ਹੋਰ ਮਹੱਤਵਪੂਰਨ ਆਧਾਰ ਹੈ। ਦੁਨੀਆ ਵਿੱਚ ਊਰਜਾ ਦੇ ਵੱਖ-ਵੱਖ ਸਰੋਤਾਂ ਵੱਲ ਵੱਧ ਰਹੇ ਬਦਲਾਅ ਲਈ ਨਵੀਨਤਾ, ਨਿਵੇਸ਼ ਅਤੇ ਸਹਿਯੋਗ ਦੀ ਲੋੜ ਹੈ। ਭਾਰਤ ਤੇ ਇਟਲੀ ਨਵਿਆਉਣਯੋਗ ਊਰਜਾ ਤੋਂ ਲੈ ਕੇ ਹਾਈਡਰੋਜਨ ਤਕਨਾਲੋਜੀ ਅਤੇ ਸਮਾਰਟ ਗ੍ਰਿਡ ਤੋਂ ਲੈ ਕੇ ਮਜ਼ਬੂਤ ਬੁਨਿਆਦੀ ਢਾਂਚੇ ਤੱਕ ਕਈ ਖੇਤਰਾਂ ਵਿੱਚ ਇਕੱਠੇ ਕੰਮ ਕਰ ਰਹੇ ਹਨ।

ਗ੍ਰੀਨ ਹਾਈਡਰੋਜਨ ਨਿਰਯਾਤ ਦਾ ਗਲੋਬਲ ਕੇਂਦਰ ਬਣਨ ਦੀ ਭਾਰਤ ਦੀ ਪਹਿਲਕਦਮੀ ਬੇਅੰਤ ਸੰਭਾਵਨਾਵਾਂ ਰੱਖਦੀ ਹੈ। ਇਹ ਇਟਲੀ ਦੇ ਨਵਿਆਉਣਯੋਗ ਊਰਜਾ ਬੁਨਿਆਦੀ ਢਾਂਚੇ ਵਿੱਚ ਉੱਨਤ ਤਕਨਾਲੋਜੀ ਅਤੇ ਯੂਰਪ ਲਈ ਊਰਜਾ ਪ੍ਰਵੇਸ਼ ਦੁਆਰ ਵਜੋਂ ਉਸਦੀ ਰਣਨੀਤਕ ਭੂਮਿਕਾ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਇਸ ਸੰਦਰਭ ਵਿੱਚ ਭਾਰਤ ਦੀ ਅਗਵਾਈ ਵਾਲੀਆਂ ਪ੍ਰਮੁੱਖ ਪਹਿਲਕਦਮੀਆਂ— ਅੰਤਰਰਾਸ਼ਟਰੀ ਸੌਰ ਗੱਠਜੋੜ (ਆਈਐੱਸਏ), ਆਫ਼ਤ ਪ੍ਰਤੀਰੋਧੀ ਬੁਨਿਆਦੀ ਢਾਂਚੇ ਲਈ ਗੱਠਜੋੜ (ਸੀਡੀਆਰਆਈ) ਤੇ ਗਲੋਬਲ ਬਾਇਓਫਿਊਲਜ਼ ਅਲਾਇੰਸ (ਜੀਬੀਏ) ਵਿੱਚ ਹੋਰ ਦੇਸ਼ਾਂ ਨਾਲ ਸਾਡਾ ਸਹਿਯੋਗ ਵੀ ਬਹੁਤ ਮਹੱਤਵਪੂਰਨ ਹੈ।

ਭੌਤਿਕ, ਡਿਜੀਟਲ ਤੇ ਮਨੁੱਖੀ ਸੰਪਰਕ ਹੀ ਉਹ ਕੜੀ ਹੈ, ਜੋ ਸਾਨੂੰ ਇੱਕ-ਦੂਜੇ ਨਾਲ ਜੋੜਦੀ ਹੈ। ਭਾਰਤ ਅਤੇ ਇਟਲੀ ਦੋਵੇਂ ਆਲਮੀ ਅਰਥਚਾਰੇ ਦੇ ਦੋ ਮਹੱਤਵਪੂਰਨ ਖੇਤਰਾਂ—ਇੰਡੋ-ਪੈਸੀਫਿਕ ਅਤੇ ਭੂਮੱਧ ਸਾਗਰ ਦੇ ਕੇਂਦਰ ਵਿੱਚ ਸਥਿਤ ਹਨ। ਹੁਣ ਇਨ੍ਹਾਂ ਖੇਤਰਾਂ ਨੂੰ ਵੱਖ-ਵੱਖ ਨਹੀਂ, ਸਗੋਂ ਆਪਸ ਵਿੱਚ ਜੁੜੇ ਹੋਏ ਖੇਤਰਾਂ ਵਜੋਂ ਦੇਖਿਆ ਜਾ ਰਿਹਾ ਹੈ। ਦਰਅਸਲ, ਅਸੀਂ ਇੱਕ ਨਵੇਂ "ਇੰਡੋ-ਮੈਡੀਟੇਰੀਅਨ" ਖੇਤਰ ਦੇ ਉਭਾਰ ਨੂੰ ਦੇਖ ਰਹੇ ਹਾਂ, ਜੋ ਵਪਾਰ, ਤਕਨਾਲੋਜੀ, ਊਰਜਾ, ਡੇਟਾ ਅਤੇ ਵਿਚਾਰਾਂ ਦਾ ਇੱਕ ਮਹੱਤਵਪੂਰਨ ਗਲਿਆਰਾ ਬਣ ਰਿਹਾ ਹੈ ਅਤੇ ਹਿੰਦ ਮਹਾਂਸਾਗਰ ਨੂੰ ਯੂਰਪ ਨਾਲ ਜੋੜਦਾ ਹੈ। ਇਸੇ ਆਪਸ ਵਿੱਚ ਜੁੜੇ ਹੋਏ ਖੇਤਰ ਵਿੱਚ ਸਾਡਾ ਸਬੰਧ ਸੁਭਾਵਿਕ ਤੌਰ 'ਤੇ ਇੱਕ ਵਿਸ਼ੇਸ਼ ਰਣਨੀਤਕ ਭਾਈਵਾਲੀ ਵਜੋਂ ਵਿਕਸਤ ਹੁੰਦਾ ਹੈ- ਅਜਿਹੀ ਭਾਈਵਾਲੀ, ਜੋ ਦੋ ਮਹਾਂਦੀਪਾਂ ਨੂੰ ਜੋੜਦੀ ਹੈ ਅਤੇ ਨਵੇਂ ਆਲਮੀ ਹਾਲਾਤਾਂ ਨੂੰ ਆਕਾਰ ਦਿੰਦੀ ਹੈ।

ਇਸ ਸੰਦਰਭ ਵਿੱਚ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰਾ (ਆਈ.ਐਮ.ਈ.ਸੀ.) ਇੱਕ ਅਜਿਹੀ ਦੂਰ-ਦਰਸ਼ੀ ਯੋਜਨਾ ਹੈ, ਜਿਸਦਾ ਉਦੇਸ਼ ਆਧੁਨਿਕ ਆਵਾਜਾਈ ਅਤੇ ਬੁਨਿਆਦੀ ਢਾਂਚੇ, ਡਿਜੀਟਲ ਨੈੱਟਵਰਕ, ਊਰਜਾ ਪ੍ਰਣਾਲੀਆਂ ਅਤੇ ਮਜ਼ਬੂਤ ਸਪਲਾਈ ਚੇਨ ਰਾਹੀਂ ਸਾਡੇ ਖੇਤਰਾਂ ਨੂੰ ਜੋੜਨਾ ਹੈ। ਭਾਰਤ ਅਤੇ ਇਟਲੀ ਹੋਰ ਭਾਈਵਾਲ ਦੇਸ਼ਾਂ ਨਾਲ ਮਿਲ ਕੇ ਇਸ ਦ੍ਰਿਸ਼ਟੀਕੋਣ ਨੂੰ ਹਕੀਕਤ ਵਿੱਚ ਬਦਲਣ ਲਈ ਵੀ ਵਚਨਬੱਧ ਹਨ।

ਅਸੀਂ ਆਪਣੀਆਂ ਸਾਂਝੀਆਂ ਚੁਣੌਤੀਆਂ ਦਾ ਹੱਲ ਦੋਵਾਂ ਦੇਸ਼ਾਂ ਦੇ ਡੂੰਘੇ ਸਬੰਧਾਂ ਅਤੇ ਲੰਬੇ ਸਭਿਆਚਾਰਕ ਜੁੜਾਵ ਦੇ ਆਧਾਰ 'ਤੇ ਕਰ ਸਕਦੇ ਹਾਂ। ਭਾਰਤੀ ਸੰਸਕ੍ਰਿਤੀ ਵਿੱਚ ਧਰਮ ਦਾ ਵਿਚਾਰ ਉਸ ਜ਼ਿੰਮੇਵਾਰੀ ਦੀ ਭਾਵਨਾ ਨੂੰ ਦਰਸਾਉਂਦਾ ਹੈ, ਜੋ ਸਾਡੇ ਕੰਮਾਂ ਦਾ ਮਾਰਗ-ਦਰਸ਼ਨ ਕਰਦਾ ਹੈ। ਉੱਥੇ ਹੀ ਵਸੁਧੈਵ ਕੁਟੁੰਬਕਮ—ਭਾਵ "ਪੂਰੀ ਦੁਨੀਆ ਇੱਕ ਪਰਿਵਾਰ ਹੈ" ਦਾ ਸਿਧਾਂਤ ਅੱਜ ਦੇ ਆਪਸ ਵਿੱਚ ਜੁੜੇ ਡਿਜੀਟਲ ਯੁੱਗ ਵਿੱਚ ਹੋਰ ਵੀ ਵੱਧ ਪ੍ਰਸੰਗਿਕ ਲੱਗਦਾ ਹੈ।

ਇਹ ਕਦਰਾਂ-ਕੀਮਤਾਂ ਇਟਲੀ ਦੀ ਮਾਨਵਤਾਵਾਦੀ ਪਰੰਪਰਾ ਨਾਲ ਵੀ ਮੇਲ ਖਾਂਦੀਆਂ ਹਨ, ਜਿਸਦੀਆਂ ਜੜ੍ਹਾਂ ਪੁਨਰਜਾਗਰਣ ਕਾਲ ਵਿੱਚ ਹਨ। ਇਹ ਪਰੰਪਰਾ ਹਰ ਵਿਅਕਤੀ ਦੀ ਇੱਜ਼ਤ ਅਤੇ ਸਭਿਆਚਾਰ ਦੀ ਉਸ ਸ਼ਕਤੀ 'ਤੇ ਜ਼ੋਰ ਦਿੰਦੀ ਹੈ, ਜੋ ਸਮਾਜਾਂ ਅਤੇ ਲੋਕਾਂ ਨੂੰ ਇੱਕਜੁੱਟ ਕਰ ਸਕਦੀ ਹੈ। ਇਸ ਲਈ ਸਾਡੇ ਸਾਂਝੇ ਦ੍ਰਿਸ਼ਟੀਕੋਣ ਦਾ ਉਦੇਸ਼ ਲੋਕਾਂ ਨੂੰ ਕੇਂਦਰ ਵਿੱਚ ਰੱਖਦੇ ਹੋਏ ਭਾਰਤ-ਇਟਲੀ ਭਾਈਵਾਲੀ ਨੂੰ ਮਜ਼ਬੂਤ, ਆਧੁਨਿਕ ਅਤੇ ਭਵਿੱਖ-ਮੁਖੀ ਆਧਾਰ ਪ੍ਰਦਾਨ ਕਰਨਾ ਹੈ।

## ਅੱਜ ਪੰਜਾਬ ਦੀ ਚੁੱਪ ਦਾ ਸੰਕਟ

# ਇੱਕ ਖ਼ਤਰਨਾਕ ਮਨੋਵਿਗਿਆਨਿਕ ਦੌਰ ਵੱਲ ਵਧਦਾ ਸਮਾਜ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਉਸ ਦੌਰ ਵਿੱਚ ਹੈ, ਜਿਸ ਨੂੰ ਸ਼ਬਦਾਂ ਵਿੱਚ ਨਹੀਂ ਸਿਰਫ਼ ਮਨੋਵਿਗਿਆਨਿਕ ਤੌਰ 'ਤੇ ਹੀ ਪ੍ਰਗਟ ਕੀਤਾ ਤੇ ਵੇਖਿਆ ਜਾ ਸਕਦਾ ਹੈ। ਪੰਜਾਬ ਅੱਜ ਸਿਰਫ਼ ਰਾਜਨੀਤਿਕ ਸੰਕਟ ਵਿੱਚ ਨਹੀਂ ਹੈ, ਪੰਜਾਬ ਇੱਕ ਡੂੰਘੇ ਮਨੋਵਿਗਿਆਨਿਕ ਸੰਕਟ ਵਿੱਚ ਦਾਖਲ ਹੋ ਚੁੱਕਾ ਹੈ। ਇਹ ਉਹ ਦੌਰ ਹੈ ਜਦੋਂ ਸਮਾਜ ਚੀਕਦਾ ਨਹੀਂ, ਪਰ ਅੰਦਰੋਂ ਟੁੱਟਣਾ ਸ਼ੁਰੂ ਕਰ ਦਿੰਦਾ ਹੈ। ਜਦੋਂ ਲੋਕ ਗੁੱਸਾ ਵੀ ਛੱਡ ਦੇਣ, ਵਿਰੋਧ ਵੀ ਛੱਡ ਦੇਣ ਅਤੇ ਉਮੀਦ ਵੀ ਛੱਡ ਦੇਣ , ਤਦ ਸਮਝ ਲੈਣਾ ਚਾਹੀਦਾ ਹੈ ਕਿ ਖ਼ਤਰਾ ਸਿਰਫ਼ ਸਰਕਾਰ ਜਾਂ ਪ੍ਰਸ਼ਾਸਨ ਲਈ ਨਹੀਂ, ਪੂਰੇ ਸਮਾਜ ਲਈ ਬਣ ਚੁੱਕਾ ਹੈ। ਅੱਜ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਨਹੀਂ ਕਿ ਇੱਥੇ ਨਸ਼ਾ ਹੈ, ਬੇਰੁਜ਼ਗਾਰੀ ਹੈ ਜਾਂ ਗੈਂਗਸਟਰਵਾਦ ਹੈ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਪੰਜਾਬ ਹੌਲੀ-ਹੌਲੀ ਆਪਣੀ ਆਤਮਿਕ ਤਾਕਤ ਗੁਆ ਰਿਹਾ ਹੈ। ਲੋਕਾਂ ਦੀਆਂ ਅੱਖਾਂ ਵਿੱਚ ਹੁਣ ਗੁੱਸਾ ਨਹੀਂ, ਸਗੋਂ ਥਕਾਵਟ ਹੈ। ਨੌਜਵਾਨਾਂ ਦੀਆਂ ਗੱਲਾਂ ਵਿੱਚ ਹੁਣ ਇਨਕਲਾਬ ਨਹੀਂ, ਸਗੋਂ ਵਿਦੇਸ਼ ਜਾਣ ਦੀ ਬੇਚੈਨੀ ਹੈ। ਪਿੰਡਾਂ ਦੀਆਂ ਚੌਪਾਲਾਂ ਵਿੱਚ ਹੁਣ ਭਵਿੱਖ ਦੀ ਚਰਚਾ ਨਹੀਂ, ਸਗੋਂ ਬਰਬਾਦੀ ਦੀਆਂ ਕਹਾਣੀਆਂ ਹਨ। ਇਹ ਚੁੱਪ ਆਮ ਨਹੀਂ ਹੈ। ਇਹ ਚੁੱਪ ਇੱਕ ਖ਼ਤਰਨਾਕ ਸਮਾਜਕ ਜੀਵਨ ਗਿਰਾਵਟ ਦੀ ਨਿਸ਼ਾਨੀ ਹੈ। ਕਦੇ ਪੰਜਾਬ ਭਾਰਤ ਦੀ ਸਭ ਤੋਂ ਜਿਊਂਦੀ-ਜਾਗਦੀ ਧਰਤੀ ਮੰਨੀ ਜਾਂਦੀ ਸੀ। ਇੱਥੇ ਸੰਘਰਸ਼ ਵੀ ਸੀ, ਸੰਵੇਦਨਾ ਵੀ ਸੀ ਅਤੇ ਵਿਰੋਧ ਦੀ ਤਾਕਤ ਵੀ ਸੀ। ਪੰਜਾਬ ਨੇ ਹਰ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ। ਗੁਰੂਆਂ ਦੀ ਧਰਤੀ ਨੇ ਮਨੁੱਖਤਾ ਲਈ ਕੁਰਬਾਨੀਆਂ ਦਿੱਤੀਆਂ। ਕਿਸਾਨ ਅੰਦੋਲਨ ਤੋਂ ਲੈ ਕੇ ਆਜ਼ਾਦੀ ਦੀ ਲੜਾਈ ਤੱਕ ਪੰਜਾਬ ਹਮੇਸ਼ਾ ਅੱਗੇ ਖੜ੍ਹਾ ਰਿਹਾ । ਪਰ ਅੱਜ ਉਹੀ ਪੰਜਾਬ ਇੱਕ ਅਜੀਬ ਮਨੋਵਿਗਿਆਨਿਕ ਹਨੇਰੇ ਵਿੱਚ ਖੋਹ ਰਿਹਾ ਹੈ । ਅੱਜ ਹਾਲਾਤ ਇਹ ਹਨ ਕਿ ਹਰ ਰੋਜ਼ ਹੱਤਿਆਵਾਂ ਦੀਆਂ ਖ਼ਬਰਾਂ ਆਉਂਦੀਆਂ ਹਨ, ਗੈਂਗਸਟਰਾਂ ਦੇ ਵੀਡੀਓ ਵਾਇਰਲ ਹੁੰਦੇ ਹਨ, ਰਿਸ਼ਵਤਖੋਰੀ ਅਤੇ ਬੇਈਮਾਨੀ ਸਰਕਾਰੀ ਢਾਂਚੇ ਦਾ ਆਮ ਹਿੱਸਾ ਬਣ ਗਈ ਹੈ, ਪਰ ਸਮਾਜ ਵੱਲੋਂ ਕੋਈ ਵੱਡਾ ਨੈਤਿਕ ਵਿਰੋਧ ਦਿਖਾਈ ਨਹੀਂ ਦਿੰਦਾ । ਇਹ ਸਧਾਰਨ ਗੱਲ ਨਹੀਂ । ਜਦੋਂ ਬੁਰਾਈ ਨੂੰ ਵੇਖ ਕੇ ਵੀ ਸਮਾਜ ਦੀ ਰੂਹ ਨਾ ਕੰਬੇ, ਤਦ ਸਮਝੋ ਕਿ ਸੰਵੇਦਨਾ ਮਰ ਰਹੀ ਹੈ। ਪੰਜਾਬ ਦੀ ਇਸ ਚੁੱਪ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਵਿਸ਼ਵਾਸ ਦਾ ਟੁੱਟਣਾ ਹੈ। ਲੋਕਾਂ ਦਾ ਰਾਜਨੀਤਿਕ ਪਾਰਟੀਆਂ ਤੋਂ ਵਿਸ਼ਵਾਸ ਉੱਠ ਚੁੱਕਾ ਹੈ। ਇੱਕ ਸਮਾਂ ਸੀ ਜਦੋਂ ਲੋਕ ਸੋਚਦੇ ਸਨ ਕਿ ਕੋਈ ਨਵੀਂ ਸਰਕਾਰ ਆਏਗੀ ਤਾਂ ਹਾਲਾਤ ਬਦਲ ਜਾਣਗੇ। ਪਰ ਦਹਾਕਿਆਂ ਦੀ ਰਾਜਨੀਤੀ ਨੇ ਪੰਜਾਬ ਨੂੰ ਸਿਰਫ਼ ਨਾਅਰੇ ਦਿੱਤੇ ਹਨ, ਰਸਤਾ ਨਹੀਂ। ਹਰ ਪਾਰਟੀ ਨੇ ਪੰਜਾਬ ਦੇ ਦਰਦ ਨੂੰ ਵੋਟਾਂ ਵਿੱਚ ਬਦਲਿਆ, ਪਰ ਇਲਾਜ ਨਹੀਂ ਕੀਤਾ। ਕਿਸਾਨਾਂ ਨੂੰ ਵਾਅਦੇ ਮਿਲੇ, ਨੌਜਵਾਨਾਂ ਨੂੰ ਭਾਸ਼ਣ ਮਿਲੇ ਅਤੇ ਪੰਜਾਬ ਨੂੰ ਕਰਜ਼ਾ ਮਿਲਿਆ। ਅੱਜ ਦੀ ਰਾਜਨੀਤੀ ਵਿੱਚ ਨਾ ਕੋਈ ਦੂਰਦਰਸ਼ੀ ਸੋਚ ਦਿਖਦੀ ਹੈ, ਨਾ ਕੋਈ ਵੱਡਾ ਸਮਾਜਕ ਅਜੰਡਾ। ਪੰਜਾਬ ਦੀ ਰਾਜਨੀਤੀ ਹੁਣ ਮੈਨੇਜਮੈਂਟ ਅਤੇ ਇਮੇਜ਼ ਬਿਲਡਿੰਗ ਤੱਕ ਸੀਮਿਤ ਹੋ ਗਈ ਹੈ। ਸੋਸ਼ਲ ਮੀਡੀਆ ਦੀਆਂ ਟੀਮਾਂ, ਟਰੋਲ ਆਰਮੀ ਅਤੇ ਮਾਰਕੀਟਿੰਗ ਨੇ ਅਸਲ ਮੁੱਦਿਆਂ ਨੂੰ ਨਿਗਲ ਲਿਆ ਹੈ। ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲਿਆ, ਪਰ ਉਨ੍ਹਾਂ ਨੂੰ ਰੀਲਾਂ ਅਤੇ ਪ੍ਰਚਾਰ ਦੇ ਨਸ਼ੇ ਵਿੱਚ ਜ਼ਰੂਰ ਫਸਾ ਦਿੱਤਾ ਗਿਆ। ਇਹ ਇੱਕ ਮਨੋਵਿਗਿਆਨਿਕ ਧੋਖਾ ਹੈ, ਜਿੱਥੇ ਹਕੀਕਤ ਨੂੰ ਚਮਕਦਾਰ ਪ੍ਰਚਾਰ ਨਾਲ ਢੱਕਿਆ ਜਾ ਰਿਹਾ ਹੈ। ਅੱਜ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਪੰਜਾਬ ਦਾ ਨੌਜਵਾਨ ਹੁਣ ਸੁਪਨੇ ਦੇਖਣਾ ਛੱਡ ਰਿਹਾ ਹੈ। ਇੱਕ ਸਮਾਂ ਸੀ ਜਦੋਂ ਪੰਜਾਬ ਦਾ ਨੌਜਵਾਨ ਦੁਨੀਆ ਬਦਲਣ ਦੀ ਗੱਲ ਕਰਦਾ ਸੀ। ਅੱਜ ਉਹ ਸਿਰਫ਼ ਕੈਨੇਡਾ ਦੀ ਫਾਈਲ, IELTS ਦੇ ਬੈਂਡ ਅਤੇ ਏਜੰਟ ਦੇ ਦਫਤਰ ਤੱਕ ਸੀਮਿਤ ਹੋ ਗਿਆ ਹੈ। ਇਸ ਦੇ ਪਿੱਛੇ ਸਿਰਫ਼ ਆਰਥਿਕ ਕਾਰਨ ਨਹੀਂ ਹਨ। ਇਸ ਦੇ ਪਿੱਛੇ ਇੱਕ ਡੂੰਘੀ ਮਨੋਵਿਗਿਆਨਿਕ ਹਾਰ ਹੈ। ਉਸਨੂੰ ਲੱਗਦਾ ਹੈ ਕਿ ਇਸ ਧਰਤੀ ਉੱਤੇ ਉਸਦਾ ਕੋਈ ਭਵਿੱਖ ਨਹੀਂ। ਇਹ ਸਥਿਤੀ ਕਿਸੇ ਵੀ ਸਮਾਜ ਲਈ ਬਹੁਤ ਖ਼ਤਰਨਾਕ ਹੁੰਦੀ ਹੈ। ਜਦੋਂ ਨੌਜਵਾਨ ਆਪਣੇ ਸਮਾਜ ਨਾਲੋਂ ਵਿਸ਼ਵਾਸ ਖੋਹ ਦੇਵੇ, ਤਦ ਸਮਾਜ ਅੰਦਰੋਂ ਖਾਲੀ ਹੋਣਾ ਸ਼ੁਰੂ ਹੋ ਜਾਂਦਾ ਹੈ। ਪੰਜਾਬ ਅੱਜ ਉਸੇ ਦੌਰ ਵਿੱਚ ਹੈ। ਪਿੰਡਾਂ ਦੇ ਘਰ ਵਿਕ ਰਹੇ ਹਨ, ਜ਼ਮੀਨਾਂ ਗਿਰਵੀ ਪੈ ਰਹੀਆਂ ਹਨ ਅਤੇ ਪਰਿਵਾਰ ਆਪਣੀ ਅਗਲੀ ਪੀੜ੍ਹੀ ਨੂੰ ਕਿਸੇ ਵੀ ਤਰੀਕੇ ਨਾਲ ਵਿਦੇਸ਼ ਭੇਜਣਾ ਚਾਹੁੰਦੇ ਹਨ। ਇਹ ਸਿਰਫ਼ ਪਰਵਾਸ ਨਹੀਂ, ਇਹ ਪੰਜਾਬ ਦੇ ਭਵਿੱਖ ਦਾ ਹੌਲੀ-ਹੌਲੀ ਖ਼ਤਮ ਹੋਣਾ ਹੈ। ਇਸ ਚੁੱਪ ਦਾ ਇੱਕ ਹੋਰ ਪੱਖ ਧਾਰਮਿਕ ਅਤੇ ਸੰਸਥਾਗਤ ਟਕਰਾਅ ਵੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਰਕਾਰ ਵਿਚਕਾਰ ਵਧਦਾ ਟਕਰਾਅ ਸਿਰਫ਼ ਇੱਕ ਪ੍ਰਸ਼ਾਸਨਿਕ ਮਸਲਾ ਨਹੀਂ ਹੈ। ਇਹ ਪੰਜਾਬ ਦੀ ਮਨੋਵਿਗਿਆਨਿਕ ਸਥਿਰਤਾ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਦਾ ਆਮ ਮਨੁੱਖ ਪਹਿਲਾਂ ਹੀ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਜਦੋਂ ਉਹ ਆਪਣੀਆਂ ਸਭ ਤੋਂ ਵੱਡੀਆਂ ਸੰਸਥਾਵਾਂ ਵਿਚਕਾਰ ਟਕਰਾਅ ਵੇਖਦਾ ਹੈ, ਤਦ ਉਸਦੇ ਅੰਦਰ ਅਣਭਰੋਸਾ ਹੋਰ ਵਧਦਾ ਹੈ। ਅੱਜ ਧਾਰਮਿਕ ਮਸਲੇ ਹੁਣ ਸ਼ਰਧਾ ਨਾਲੋਂ ਜ਼ਿਆਦਾ ਸਿਆਸੀ ਲਾਭ ਦਾ ਮੈਦਾਨ ਬਣਦੇ ਜਾ ਰਹੇ ਹਨ। ਹਰ ਧੜਾ ਆਪਣੀ ਲੋਕਪ੍ਰਿਯਤਾ ਵਧਾਉਣ ਲਈ ਭਾਵਨਾਵਾਂ ਦੀ ਵਰਤੋਂ ਕਰ ਰਿਹਾ ਹੈ। ਇਸ ਨਾਲ ਪੰਜਾਬ ਦਾ ਸਮਾਜ ਹੋਰ ਵੰਡਿਆ ਜਾ ਰਿਹਾ ਹੈ। ਲੋਕ ਮਸਲਿਆਂ ਦੇ ਹੱਲ ਨਾਲੋਂ ਜ਼ਿਆਦਾ ਭਾਵਨਾਤਮਕ ਨਾਅਰਿਆਂ ਵਿੱਚ ਫਸ ਰਹੇ ਹਨ। ਜਦੋਂ ਸਮਾਜ ਵਿਚਾਰ ਛੱਡ ਕੇ ਸਿਰਫ਼ ਪ੍ਰਤੀਕਿਰਿਆ ਵਿੱਚ ਜੀਣਾ ਸ਼ੁਰੂ ਕਰ ਦੇਵੇ, ਤਦ ਉਹ ਆਸਾਨੀ ਨਾਲ ਭਟਕਾਇਆ ਜਾ ਸਕਦਾ ਹੈ। ਅੱਜ ਪੰਜਾਬ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੈ ਕਿ ਇੱਥੇ ਬੌਧਿਕ ਵਰਗ ਵੀ ਕਮਜ਼ੋਰ ਹੋ ਗਿਆ ਹੈ। ਲੇਖਕ, ਪ੍ਰੋਫੈਸਰ, ਸਮਾਜਕ ਚਿੰਤਕ ਅਤੇ ਸਿਵਲ ਸੁਸਾਇਟੀ — ਜਿਹੜੇ ਸਮਾਜ ਨੂੰ ਰਸਤਾ ਦਿਖਾਉਂਦੇ ਹਨ — ਉਹ ਜਾਂ ਤਾਂ ਚੁੱਪ ਹਨ ਜਾਂ ਵੰਡੇ ਹੋਏ ਹਨ। ਕਦੇ ਪੰਜਾਬ ਵਿੱਚ ਵਿਚਾਰਾਂ ਦੀਆਂ ਬਹਿਸਾਂ ਹੁੰਦੀਆਂ ਸਨ। ਅੱਜ ਸੋਸ਼ਲ ਮੀਡੀਆ ਦੇ ਸ਼ੋਰ ਨੇ ਗੰਭੀਰ ਚਿੰਤਨ ਨੂੰ ਦਬਾ ਦਿੱਤਾ ਹੈ। ਅੱਜ ਮੀਡੀਆ ਦੀ ਹਾਲਤ ਵੀ ਚਿੰਤਾਜਨਕ ਹੈ। ਪੰਜਾਬ ਦੇ ਕਈ ਮੀਡੀਆ ਘਰ ਹੁਣ ਸੱਤਾ, TRP ਅਤੇ ਸੈਂਸੇਸ਼ਨ ਦੇ ਗੇੜ ਵਿੱਚ ਫਸੇ ਹੋਏ ਹਨ। ਅਸਲ ਮੁੱਦਿਆਂ ਉੱਤੇ ਡੂੰਘੀ ਚਰਚਾ ਘੱਟ ਹੋ ਰਹੀ ਹੈ। ਨੌਜਵਾਨਾਂ ਦੇ ਮਨੋਵਿਗਿਆਨਿਕ ਸੰਕਟ, ਕਿਸਾਨਾਂ ਦੀ ਆਰਥਿਕ ਹਾਲਤ, ਸਿੱਖਿਆ ਦੀ ਡਿੱਗਦੀ ਗੁਣਵੱਤਾ ਅਤੇ ਪਰਿਵਾਰਕ ਟੁੱਟਣ ਵਰਗੇ ਵਿਸ਼ਿਆਂ ਉੱਤੇ ਗੰਭੀਰ ਸੰਵਾਦ ਨਹੀਂ ਹੋ ਰਿਹਾ। ਇਸ ਦੀ ਥਾਂ ਗਾਲੀ-ਗਲੋਚ ਵਾਲੀਆਂ ਡਿਬੇਟਾਂ ਅਤੇ ਵਾਇਰਲ ਕਲਿੱਪਾਂ ਨੇ ਜਗ੍ਹਾ ਲੈ ਲਈ ਹੈ। ਅੱਜ ਇੱਕ ਹੋਰ ਡਰਾਉਣਾ ਪੱਖ ਗੈਂਗਸਟਰ ਸੰਸਕ੍ਰਿਤੀ ਦਾ ਮਹਿਮਾ ਮੰਡਨ ਹੈ। ਪੰਜਾਬ ਦੇ ਕੁਝ ਨੌਜਵਾਨ ਹੁਣ ਮਿਹਨਤ ਨਾਲੋਂ ਜ਼ਿਆਦਾ ਹਥਿਆਰ ਅਤੇ ਡਰ ਨੂੰ ਤਾਕਤ ਸਮਝਣ ਲੱਗ ਪਏ ਹਨ । ਗਾਣਿਆਂ, ਸੋਸ਼ਲ ਮੀਡੀਆ ਅਤੇ ਡਿਜ਼ੀਟਲ ਗਲੈਮਰ ਨੇ ਗੈਂਗਸਟਰਵਾਦ ਨੂੰ ਇੱਕ ਸਟਾਈਲ ਵਾਂਗ ਪੇਸ਼ ਕੀਤਾ ਹੈ। ਇਹ ਸਿਰਫ਼ ਕਾਨੂੰਨ-ਵਿਵਸਥਾ ਦਾ ਮਸਲਾ ਨਹੀਂ, ਇਹ ਇੱਕ ਮਨੋਵਿਗਿਆਨਿਕ ਬਿਮਾਰੀ ਹੈ। ਜਦੋਂ ਸਮਾਜ ਦੇ ਹੀਰੋ ਬਦਲ ਜਾਂਦੇ ਹਨ, ਤਦ ਸਮਾਜ ਦਾ ਭਵਿੱਖ ਵੀ ਬਦਲ ਜਾਂਦਾ ਹੈ। ਅੱਜ ਵੱਡਾ ਸਵਾਲ ਇਹ ਹੈ ਕਿ ਪੰਜਾਬ ਕਿੱਥੇ ਜਾ ਰਿਹਾ ਹੈ? ਹੁਣ ਜੇ ਇਹੀ ਚੁੱਪ ਜਾਰੀ ਰਹੀ, ਜੇ ਇਹੀ ਅਣਭਰੋਸਾ ਵਧਦਾ ਰਿਹਾ, ਤਾਂ ਆਉਣ ਵਾਲੇ ਦਸ ਸਾਲ ਪੰਜਾਬ ਲਈ ਬਹੁਤ ਮੁਸ਼ਕਲ ਹੋ ਸਕਦੇ ਹਨ। ਪੰਜਾਬ ਆਰਥਿਕ ਤੌਰ 'ਤੇ ਹੋਰ ਕਮਜ਼ੋਰ ਹੋ ਸਕਦਾ ਹੈ। ਬ੍ਰੇਨ ਡ੍ਰੇਨ ਹੋਰ ਤੇਜ਼ ਹੋਵੇਗਾ। ਪਿੰਡਾਂ ਦੀ ਸਮਾਜਕ ਬਣਤਰ ਟੁੱਟੇਗੀ। ਪਰਿਵਾਰਾਂ ਵਿੱਚ ਇਕੱਲਾਪਣ ਅਤੇ ਮਨੋਵਿਗਿਆਨਿਕ ਬਿਮਾਰੀਆਂ ਵਧਣਗੀਆਂ। ਧਾਰਮਿਕ ਅਤੇ ਰਾਜਨੀਤਿਕ ਧਰੁੱਵੀਕਰਨ ਹੋਰ ਗਹਿਰਾ ਹੋ ਸਕਦਾ ਹੈ। ਸਭ ਤੋਂ ਵੱਡਾ ਖ਼ਤਰਾ ਇਹ ਹੋਵੇਗਾ ਕਿ ਪੰਜਾਬ ਆਪਣੀ ਆਤਮਿਕ ਪਹਿਚਾਣ ਗੁਆ ਬੈਠੇਗਾ। ਇਹ ਸੱਚ ਹੈ ਪਰ ਹਰ ਹਨੇਰੇ ਵਿੱਚ ਇੱਕ ਸੰਭਾਵਨਾ ਵੀ ਹੁੰਦੀ ਹੈ। ਪੰਜਾਬ ਅਜੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਇਸ ਧਰਤੀ ਵਿੱਚ ਅਜੇ ਵੀ ਬੇਹੱਦ ਤਾਕਤ ਹੈ। ਲੋੜ ਹੈ ਇੱਕ ਨਵੇਂ ਨੈਰੇਟਿਵ ਦੀ। ਇੱਕ ਨਵੀਂ ਸੋਚ ਦੀ। ਪੰਜਾਬ ਨੂੰ ਸਿਰਫ਼ ਸਰਕਾਰ ਨਹੀਂ ਬਚਾ ਸਕਦੀ। ਪੰਜਾਬ ਨੂੰ ਸਮਾਜ ਬਚਾਏਗਾ। ਨੌਜਵਾਨ ਬਚਾਉਣਗੇ। ਬੌਧਿਕ ਵਰਗ ਬਚਾਏਗਾ। ਸੱਚ ਬੋਲਣ ਵਾਲੇ ਲੋਕ ਬਚਾਉਣਗੇ। ਅੱਜ ਪੰਜਾਬ ਨੂੰ ਦੁਬਾਰਾ ਵਿਚਾਰਾਂ ਦੀ ਧਰਤੀ ਬਣਾਉਣਾ ਪਵੇਗਾ। ਅੱਜ ਪੰਜਾਬ ਇੱਕ ਚੌਰਾਹੇ 'ਤੇ ਖੜ੍ਹਾ ਹੈ। ਇੱਕ ਰਸਤਾ ਹੋਰ ਚੁੱਪ, ਹੋਰ ਡਰ ਅਤੇ ਹੋਰ ਟੁੱਟਣ ਵੱਲ ਜਾਂਦਾ ਹੈ। ਦੂਜਾ ਰਸਤਾ ਆਤਮ-ਚਿੰਤਨ, ਨਵੀਂ ਸੋਚ ਅਤੇ ਨਵੀਂ ਹਿੰਮਤ ਵੱਲ ਜਾਂਦਾ ਹੈ। ਇਹ ਫ਼ੈਸਲਾ ਹੁਣ ਪੰਜਾਬ ਦੇ ਲੋਕਾਂ ਨੂੰ ਕਰਨਾ ਹੈ ਕਿ ਉਹ ਇਤਿਹਾਸ ਦੀ ਸਭ ਤੋਂ ਜਿਊਂਦੀ ਕੌਮ ਵਾਂਗ ਦੁਬਾਰਾ ਉੱਠਣਗੇ ਜਾਂ ਚੁੱਪੀ ਦੇ ਹਨੇਰੇ ਵਿੱਚ ਹੋਰ ਡੁੱਬਦੇ ਜਾਣਗੇ। ਕਿਉਂਕਿ ਸਮਾਜਾਂ ਨੂੰ ਹਮੇਸ਼ਾ ਦੁਸ਼ਮਣ ਨਹੀਂ ਮਾਰਦੇ, ਕਈ ਵਾਰ ਸਮਾਜ ਆਪਣੀ ਚੁੱਪ ਨਾਲ ਵੀ ਖ਼ਤਮ ਹੋ ਜਾਂਦੇ ਹਨ।



ਵਿੰਕਲਜੀਤ ਸਿੰਘ ਸਰਾ
9501477889

## ਕੀ ਦੇਸ਼ ਹਿੱਤ ਸਿਰਫ਼ ਆਮ ਲੋਕਾਂ ਦਾ ਫਰਜ਼ ਹੈ?

# ਕਾਰਪੋਰੇਟ ਪੂੰਜੀ, ਸਿਆਸੀ ਵੀ.ਆਈ.ਪੀ. ਕਲਚਰ ਅਤੇ ਅਡਾਨੀ ਮਾਮਲੇ ਦੇ ਪ੍ਰਤੀਕੂਲ ਆਰਥਿਕ ਸੰਕੇਤ

**ਰਾਸ਼ਟਰਵਾਦ ਅਤੇ ਤਿਆਗ ਦਾ ਦੋਹਰਾ ਮਾਪਦੰਡ** : ਭਾਰਤੀ ਲੋਕਤੰਤਰ ਵਿੱਚ 'ਦੇਸ਼ ਹਿੱਤ' ਇੱਕ ਅਜਿਹਾ ਪਵਿੱਤਰ ਸ਼ਬਦ ਰਿਹਾ ਹੈ, ਜਿਸਦੀ ਇੱਕ ਆਵਾਜ਼ 'ਤੇ ਕਰੋੜਾਂ ਲੋਕਾਂ ਨੇ ਆਪਣੇ ਸੁਖ-ਆਰਾਮ ਤੇ ਜਮ੍ਹਾਂ-ਪੂੰਜੀ ਦੇਸ਼ ਲੇਖੇ ਲਾ ਦਿੱਤੀ। ਆਜ਼ਾਦੀ ਤੋਂ ਲੈ ਕੇ ਅੱਜ ਤੱਕ ਜਦੋਂ ਵੀ ਕੋਈ ਸੰਕਟ ਆਇਆ ਸਭ ਤੋਂ ਪਹਿਲਾ ਤੇ ਵੱਡਾ ਤਿਆਗ ਆਮ ਜਨਤਾ ਤੋਂ ਹੀ ਮੰਗਿਆ ਗਿਆ। ਸਰਹੱਦਾਂ 'ਤੇ ਸ਼ਹੀਦ ਹੋਣ ਵਾਲੇ ਨੌਜਵਾਨ ਕਿਸੇ ਅਰਬਪਤੀ ਪਰਿਵਾਰ ਦੇ ਨਹੀਂ, ਸਗੋਂ ਆਮ ਘਰਾਂ ਦੇ ਪੁੱਤਰ ਹੁੰਦੇ ਹਨ। ਮਹਿੰਗਾਈ ਤੇ ਟੈਕਸਾਂ ਦਾ ਸਿੱਧਾ ਕੁਹਾੜਾ ਵੀ ਦਿਹਾੜੀਦਾਰ ਤੇ ਮੱਧਵਰਗੀ ਜਨਤਾ ਦੇ ਢਿੱਡ 'ਤੇ ਹੀ ਵੱਜਦਾ ਹੈ। ਇਤਿਹਾਸ ਗਵਾਹ ਹੈ ਕਿ ਸਾਲ 2016 ਦੀ ਨੋਟਬੰਦੀ ਦੌਰਾਨ ਕਾਲੇ ਧਨ ਨੂੰ ਖ਼ਤਮ ਕਰਨ ਦੇ ਨਾਮ 'ਤੇ ਦੇਸ਼ ਦੀ ਆਬਾਦੀ ਦਿਨ-ਰਾਤ ਬੈਂਕਾਂ ਦੀਆਂ ਲਾਈਨਾਂ ਵਿੱਚ ਖੜ੍ਹੀ ਰਹੀ। ਸਾਲ 2020 ਵਿੱਚ ਕੋਵਿਡ-19 ਦੀ ਮਹਾਂਮਾਰੀ ਵੇਲੇ ਅਚਾਨਕ ਲੱਗੀ ਤਾਲਾਬੰਦੀ (Lockdown) ਕਾਰਨ ਲੱਖਾਂ ਪ੍ਰਵਾਸੀ ਮਜ਼ਦੂਰ ਸੈਂਕੜੇ ਕਿਲੋਮੀਟਰ ਪੈਦਲ ਤੁਰਨ ਲਈ ਮਜਬੂਰ ਹੋਏ। ਇਹਨਾਂ ਸਾਰੇ ਸੰਕਟਾਂ ਦੀ ਸਭ ਤੋਂ ਵੱਡੀ ਕੀਮਤ ਹਮੇਸ਼ਾ ਸਮਾਜ ਦੇ ਸਭ ਤੋਂ ਹੇਠਲੇ ਤਬਕੇ ਨੇ ਚੁਕਾਈ। ਹੁਣ ਇੱਕ ਵਾਰ ਫਿਰ ਦੇਸ਼ ਦੇ ਸਾਹਮਣੇ ਇੱਕ ਨਵਾਂ ਆਰਥਿਕ ਤਰਕ ਰੱਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਵਿਸ਼ਵ ਪੱਧਰ 'ਤੇ ਵਧ ਰਹੀਆਂ ਤੇਲ ਕੀਮਤਾਂ ਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਸਥਿਤੀ ਨੂੰ ਸੰਭਾਲਣ ਲਈ ਲੋਕ ਕੁਝ ਸਮੇਂ ਲਈ ਸੋਨੇ (Gold) ਦੀ ਖਰੀਦਦਾਰੀ ਘਟਾ ਦੇਣ ਤੇ ਗੈਰ-ਜ਼ਰੂਰੀ ਵਿਦੇਸ਼ ਯਾਤਰਾਵਾਂ ਤੋਂ ਪਰਹੇਜ਼ ਕਰਨ, ਤਾਂ ਜੋ ਦੇਸ਼ ਦਾ ਕੀਮਤੀ ਵਿਦੇਸ਼ੀ ਮੁਦਰਾ ਭੰਡਾਰ (Foreign Exchange Reserves) ਬਚਾਇਆ ਜਾ ਸਕੇ। ਸਰਕਾਰ ਦਾ ਇਹ ਤਰਕ ਆਰਥਿਕ ਨਜ਼ਰੀਏ ਤੋਂ ਭਾਵੇਂ ਸਹੀ ਜਾਪਦਾ ਹੋਵੇ, ਪਰ ਇਸਨੇ ਜਨਤਾ ਦੇ ਮਨਾਂ ਵਿੱਚ ਇੱਕ ਤਿੱਖਾ ਸਵਾਲ ਖੜ੍ਹਾ ਕਰ ਦਿੱਤਾ ਹੈ: ਕੀ ਦੇਸ਼ ਹਿੱਤ ਦੀ ਜ਼ਿੰਮੇਵਾਰੀ ਸਿਰਫ਼ ਆਮ ਜਨਤਾ ਦੀ ਹੈ ? ਕੀ ਇਹ ਨਿਯਮ ਤੇ ਆਰਥਿਕ ਸੰਜਮ ਦੇਸ਼ ਦੇ ਅਰਬਪਤੀਆਂ ਤੇ ਸਿਆਸਤਦਾਨਾਂ 'ਤੇ ਲਾਗੂ ਨਹੀਂ ਹੁੰਦੇ?

**ਮੱਧਵਰਗੀ ਸੁਰੱਖਿਆ ਬਨਾਮ ਕਾਰਪੋਰੇਟ ਪੂੰਜੀ; ਸੋਨੇ ਦਾ ਅਸਲ ਗਣਿਤ** : ਭਾਰਤ ਦੇ ਇੱਕ ਆਮ ਤੇ ਮੱਧਵਰਗੀ ਪਰਿਵਾਰ ਲਈ ਸੋਨਾ ਸਿਰਫ਼ ਇੱਕ ਗਹਿਣਾ ਨਹੀਂ, ਸਗੋਂ 'ਆਰਥਿਕ ਸੁਰੱਖਿਆ ਦੀ ਆਖਰੀ ਉਮੀਦ' ਹੁੰਦਾ ਹੈ। ਇੱਕ ਆਮ ਔਰਤ ਸਾਲਾਂ ਦੀ ਮਿਹਨਤ ਤੋਂ ਬਾਅਦ 1 ਜਾਂ 2 Tole ਸੋਨਾ ਖਰੀਦਦੀ ਹੈ, ਜੋ ਬਿਮਾਰੀ, ਫਸਲ ਦੀ ਬਰਬਾਦੀ ਜਾਂ ਬੱਚਿਆਂ ਦੀ ਪੜ੍ਹਾਈ ਵਰਗੇ ਮਾੜੇ ਸਮੇਂ ਵਿੱਚ ਕੰਮ ਆਉਂਦਾ ਹੈ। ਜਦੋਂ ਬੈਂਕ ਗਰੀਬ ਨੂੰ ਕਰਜ਼ਾ ਦੇਣ ਤੋਂ ਨਾਂਹ ਕਰਦੇ ਹਨ, ਉਦੋਂ ਇਹੀ ਸੋਨਾ ਗਿਰਵੀ ਰੱਖ ਕੇ ਪਰਿਵਾਰ ਆਪਣੀ ਇੱਜ਼ਤ ਬਚਾਉਂਦਾ ਹੈ। ਸਰਕਾਰ ਦਾ ਤਰਕ ਹੈ ਕਿ ਭਾਰਤ ਸੋਨੇ ਦਾ ਵੱਡਾ ਆਯਾਤਕ ਹੈ, ਜਿਸ ਕਾਰਨ ਅਰਬਾਂ ਡਾਲਰ ਦੇਸ਼ ਤੋਂ ਬਾਹਰ ਜਾਂਦੇ ਹਨ ਤੇ ਚਾਲੂ ਖਾਤਾ ਘਾਟਾ (Current Account Deficit) ਵਧਦਾ ਹੈ। ਪਰ ਇੱਥੇ ਸਵਾਲ ਪ੍ਰਭਾਵ ਦਾ ਹੈ:

**ਸੀਮਿਤ ਪ੍ਰਭਾਵ:** ਆਮ ਲੋਕਾਂ ਦੀ ਛੋਟੀ-ਛੋਟੀ ਖਰੀਦਦਾਰੀ ਦਾ ਅਰਥਵਿਵਸਥਾ 'ਤੇ ਪੈਣ ਵਾਲਾ ਪ੍ਰਭਾਵ ਬਹੁਤ ਹੀ ਸੀਮਿਤ ਹੁੰਦਾ ਹੈ ਤੇ ਇਹ ਪੂੰਜੀ ਦੇਸ਼ ਦੇ ਅੰਦਰ ਹੀ ਇੱਕ ਸੁਰੱਖਿਅਤ ਸੰਪਤੀ ਦੇ ਰੂਪ ਵਿੱਚ ਜਮ੍ਹਾਂ ਰਹਿੰਦੀ ਹੈ।

**ਕਾਰਪੋਰੇਟ ਡਾਲਰ ਦੀ ਨਿਕਾਸੀ:** ਇਸਦੇ ਉਲਟ, ਵੱਡੇ ਉਦਯੋਗਿਕ ਸਮੂਹਾਂ ਵੱਲੋਂ ਕੀਤੇ ਜਾਣ ਵਾਲੇ ਬਿਲੀਅਨ ਡਾਲਰਾਂ ਦੇ ਲੈਣ-ਦੇਣ, ਵਿਦੇਸ਼ੀ ਬੈਂਕਾਂ ਤੋਂ ਲਏ ਗਏ ਅਰਬਾਂ ਦੇ ਕਰਜ਼ੇ ਤੇ ਵਿਦੇਸ਼ੀ ਸ਼ੈੱਲ ਕੰਪਨੀਆਂ ਰਾਹੀਂ ਪੂੰਜੀ ਬਾਹਰ ਭੇਜਣ ਦੀਆਂ ਖੇਡਾਂ ਅਰਥਵਿਵਸਥਾ 'ਤੇ ਕਈ ਗੁਣਾ ਵੱਡਾ ਪ੍ਰਭਾਵ ਪਾਉਂਦੀਆਂ ਹਨ।

**ਕਰਜ਼ੇ ਮਾਫ਼ੀ ਦਾ ਬੋਝ:** ਜਿੱਥੇ ਆਮ ਆਦਮੀ ਟੈਕਸ ਇਮਾਨਦਾਰੀ ਨਾਲ ਚੁਕਾਉਂਦਾ ਹੈ, ਉੱਥੇ ਵੱਡੇ-ਵੱਡੇ ਉਦਯੋਗਪਤੀ ਬੈਂਕਾਂ ਦਾ ਲੱਖਾਂ ਕਰੋੜ ਰੁਪਿਆ ਹੜੱਪ ਕਰ ਜਾਂਦੇ ਹਨ, ਜਿਸ ਨੂੰ ਬਾਅਦ ਵਿੱਚ ਸਰਕਾਰਾਂ 'ਰਾਈਟ ਆਫ਼' (Write-off) ਕਰਕੇ ਮਾਫ਼ ਕਰ ਦਿੰਦੀਆਂ ਹਨ। ਇਸ ਲਈ, ਇਹ ਕਹਿਣਾ ਕਿ ਆਮ ਨਾਗਰਿਕ ਦਾ 2 Tole ਸੋਨਾ ਅਰਥਵਿਵਸਥਾ ਨੂੰ ਡੋਬ ਰਿਹਾ ਹੈ, ਇੱਕਪਾਸੜ ਬਿਆਨ ਹੈ।

**ਰਾਜਨੀਤਿਕ ਵਿਰੋਧਾਭਾਸ ਅਤੇ ਵੀ.ਆਈ.ਪੀ. ਕਲਚਰ** : ਪ੍ਰਧਾਨ ਮੰਤਰੀ ਦੀ ਇਸ ਅਪੀਲ ਨੇ ਉਦੋਂ ਹੋਰ ਵੱਡਾ ਵਿਰੋਧਾਭਾਸ ਪੈਦਾ ਕੀਤਾ, ਜਦੋਂ ਲੋਕਾਂ ਨੂੰ ਯਾਤਰਾਵਾਂ ਘਟਾਉਣ ਦੀ ਸਲਾਹ ਦੇਣ ਦੇ ਤੁਰੰਤ ਬਾਅਦ ਖੁਦ ਸਰਕਾਰੀ ਲਾਮ-ਲਸ਼ਕਰ ਤੇ ਮੰਤਰੀਆਂ ਦੇ ਵਿਦੇਸ਼ੀ ਦੌਰਿਆਂ ਦਾ ਸਿਲਸਿਲਾ ਜਾਰੀ ਰਿਹਾ। ਸਰਕਾਰ ਦਾ ਕਹਿਣਾ ਹੈ ਕਿ ਇਹ ਦੌਰੇ "ਕੂਟਨੀਤਿਕ ਅਤੇ ਰਣਨੀਤਿਕ" ਹੁੰਦੇ ਹਨ, ਜੋ ਦੇਸ਼ ਦੇ ਅੰਤਰਰਾਸ਼ਟਰੀ ਸਬੰਧਾਂ ਲਈ ਜ਼ਰੂਰੀ ਹਨ। ਪਰ ਲੋਕਤੰਤਰ ਵਿੱਚ ਨੈਤਿਕ ਲੀਡਰਸ਼ਿਪ ਉਹ ਹੁੰਦੀ ਹੈ ਜੋ 'ਪਹਿਲਾਂ ਆਪ, ਫਿਰ ਜਨਤਾ' ਦੇ ਸਿਧਾਂਤ 'ਤੇ ਚੱਲੇ: **ਸਰਕਾਰੀ ਫ਼ਜ਼ੂਲਖ਼ਰਚੀ:** ਜੇਕਰ ਦੇਸ਼ ਆਰਥਿਕ ਸੰਕਟ ਵਿੱਚ ਹੈ, ਤਾਂ ਚੋਣ ਰੈਲੀਆਂ, ਸਰਕਾਰੀ ਦੌਰਿਆਂ ਤੇ ਆਗੂਆਂ ਦੀ ਆਵਾਜਾਈ 'ਤੇ ਹੋਣ ਵਾਲੇ ਕਰੋੜਾਂ ਰੁਪਏ ਦੇ ਰੋਜ਼ਾਨਾ ਖਰਚੇ 'ਤੇ ਕੋਈ 'ਸੰਜਮ' ਕਿਉਂ ਨਹੀਂ ਦਿਖਾਇਆ ਜਾਂਦਾ?

**ਅਮੀਰਾਂ ਲਈ ਖੁੱਲ੍ਹ:** ਅੱਜ ਭਾਰਤ ਦਾ ਮੱਧਵਰਗੀ ਨਾਗਰਿਕ ਜੇਕਰ ਵਿਦੇਸ਼ ਯਾਤਰਾ 'ਤੇ ਜਾਂਦਾ ਹੈ, ਤਾਂ ਉਹ ਮੋਟਾ ਟੈਕਸ (TCS) ਚੁਕਾਉਂਦਾ ਹੈ। ਜਦੋਂ ਉਸਨੂੰ ਵਿਦੇਸ਼ੀ ਮੁਦਰਾ ਭੰਡਾਰ ਦਾ ਵਾਸਤਾ ਦੇ ਕੇ ਰੋਕਿਆ ਜਾਂਦਾ ਹੈ, ਪਰ ਦੂਜੇ ਪਾਸੇ ਅਮੀਰਾਂ ਦੇ ਬੱਚਿਆਂ ਦੀਆਂ ਕਰੋੜਾਂ ਰੁਪਏ ਦੀਆਂ ਵਿਦੇਸ਼ੀ ਸ਼ਾਦੀਆਂ ਅਤੇ ਪ੍ਰਾਈਵੇਟ ਜੈੱਟਾਂ ਦੇ ਸਫ਼ਰ ਬਿਨਾਂ ਕਿਸੇ ਰੋਕ-ਟੋਕ ਦੇ ਚੱਲਦੇ ਹਨ, ਤਾਂ ਇਹ ਜਨਤਾ ਨਾਲ ਸਿੱਧਾ ਪੱਖਪਾਤ ਹੈ।

**ਅਡਾਨੀ ਮਾਮਲਾ ਤੇ ਅੰਤਰਰਾਸ਼ਟਰੀ ਰਿਸ਼ਵਤਖੋਰੀ ਦੇ ਦੋਸ਼** : ਜਦੋਂ ਦੇਸ਼ ਦੇ ਅੰਦਰ ਆਮ ਨਾਗਰਿਕ ਨੂੰ ਦੇਸ਼ ਭਗਤੀ ਦਾ ਪਾਠ ਪੜ੍ਹਾਇਆ ਜਾ ਰਿਹਾ ਸੀ, ਠੀਕ ਉਸੇ ਦੌਰਾਨ ਅਡਾਨੀ ਗਰੁੱਪ ਤੇ ਉਸਦੇ ਮੁਖੀ ਗੌਤਮ ਅਡਾਨੀ ਨਾਲ ਜੁੜਿਆ ਇੱਕ ਵੱਡਾ ਅੰਤਰਰਾਸ਼ਟਰੀ ਵਿਵਾਦ ਸਾਹਮਣੇ ਆਇਆ। ਅਮਰੀਕਾ ਦੀਆਂ ਪ੍ਰਮੁੱਖ ਜਾਂਚ ਏਜੰਸੀਆਂ—SEC (Securities & Exchange Commission) ਤੇ DOJ (Department of Justice)—ਨੇ ਅਡਾਨੀ ਸਮੂਹ 'ਤੇ ਬਹੁਤ ਗੰਭੀਰ ਦੋਸ਼ ਲਗਾਏ: **ਰਿਸ਼ਵਤਖੋਰੀ ਦੀ ਯੋਜਨਾ:** ਦੋਸ਼ਾਂ ਮੁਤਾਬਕ, ਅਡਾਨੀ ਗਰੁੱਪ ਨੇ ਭਾਰਤ ਵਿੱਚ ਮੈਗਾ ਸੌਰ ਊਰਜਾ (Solar Energy) ਦੇ ਸਰਕਾਰੀ ਟੈਂਡਰ ਹਾਸਲ ਕਰਨ ਲਈ ਭਾਰਤੀ ਅਧਿਕਾਰੀਆਂ ਨੂੰ ਲਗਭਗ 250 ਮਿਲੀਅਨ ਡਾਲਰ (ਹਜ਼ਾਰਾਂ ਕਰੋੜ ਰੁਪਏ) ਦੀ ਕਥਿਤ ਰਿਸ਼ਵਤ ਦੇਣ ਦੀ ਯੋਜਨਾ ਬਣਾਈ। **ਨਿਵੇਸ਼ਕਾਂ ਨਾਲ ਧੋਖਾਧੜੀ:** ਅਡਾਨੀ ਸਮੂਹ ਨੇ ਇਹਨਾਂ ਪ੍ਰੋਜੈਕਟਾਂ ਲਈ ਫੰਡ ਇਕੱਠਾ ਕਰਨ ਵਾਸਤੇ ਅਮਰੀਕੀ ਬਾਜ਼ਾਰਾਂ ਤੇ ਨਿਵੇਸ਼ਕਾਂ ਨੂੰ ਗਲਤ ਤੇ ਅਧੂਰੀ ਜਾਣਕਾਰੀ ਦੇ ਕੇ ਕਰੋੜਾਂ ਡਾਲਰ ਦੇ ਲੋਨ ਹਾਸਲ ਕੀਤੇ। ਹਾਲਾਂਕਿ, ਅਡਾਨੀ ਸਮੂਹ ਨੇ ਇਹਨਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਬੇਬੁਨਿਆਦ ਦੱਸਿਆ ਅਤੇ ਕਾਨੂੰਨੀ ਲੜਾਈ ਲੜਨ ਦੀ ਗੱਲ ਕਹੀ। ਪਰ ਆਮ ਨਾਗਰਿਕ ਸੋਚਣ ਲਈ ਮਜਬੂਰ ਹੋ ਗਿਆ ਕਿ ਜਿੱਥੇ ਉਸਦੇ ਇੱਕ-ਇੱਕ ਰੁਪਏ 'ਤੇ ਸਰਕਾਰ ਦੀ ਨਜ਼ਰ ਹੁੰਦੀ ਹੈ, ਉੱਥੇ ਦੇਸ਼ ਦੇ ਇੰਨੇ ਵੱਡੇ ਉਦਯੋਗਿਕ ਘਰਾਣੇ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਕਰੋੜਾਂ ਡਾਲਰਾਂ ਦੀ ਹੇਰਾਫੇਰੀ ਦੇ ਦੋਸ਼ ਲੱਗ ਰਹੇ ਹਨ।

**ਬਿਲੀਅਨ ਡਾਲਰ ਸੈਟਲਮੈਂਟ ਦੀ ਟਾਈਮਿੰਗ ਤੇ ਪੂੰਜੀ ਦੀ ਤਾਕਤ** : ਇਸ ਵਿਵਾਦ ਦੌਰਾਨ ਹੀ ਕੁਝ ਅਜਿਹੀਆਂ ਖ਼ਬਰਾਂ ਸਾਹਮਣੇ ਆਈਆਂ, ਜਿਨ੍ਹਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ। ਅਡਾਨੀ ਸਮੂਹ ਵੱਲੋਂ ਅਮਰੀਕਾ ਵਿੱਚ ਲਗਭਗ 10 ਬਿਲੀਅਨ ਡਾਲਰ ਦੇ ਇੱਕ ਬਹੁਤ ਵੱਡੇ ਨਿਵੇਸ਼ ਦੀ ਯੋਜਨਾ ਦਾ ਐਲਾਨ ਕੀਤਾ ਗਿਆ। ਇਸ ਨਿਵੇਸ਼ ਦੇ ਐਲਾਨ ਤੋਂ ਤੁਰੰਤ ਬਾਅਦ ਇਹ ਰਿਪੋਰਟਾਂ ਆਈਆਂ ਕਿ ਅਮਰੀਕਾ ਦੇ SEC ਨਾਲ ਕੰਪਨੀ ਦਾ ਸਿਵਲ ਸੈਟਲਮੈਂਟ (ਸਮਝੌਤਾ) ਹੋ ਗਿਆ ਹੈ ਅਤੇ DOJ ਵੱਲੋਂ ਵੀ ਅਪਰਾਧਿਕ ਕੇਸਾਂ ਵਿੱਚ ਨਰਮੀ ਵਰਤਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। **ਨੋਟ:** ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਅਜੇ ਤੱਕ ਅਜਿਹਾ ਕੋਈ ਵੀ ਅਧਿਕਾਰਿਕ ਜਾਂ ਦਸਤਾਵੇਜ਼ੀ ਸਬੂਤ ਸਾਹਮਣੇ ਨਹੀਂ ਆਇਆ ਜੋ ਇਹ ਸਾਬਤ ਕਰੇ ਕਿ 10 ਬਿਲੀਅਨ ਡਾਲਰ ਦੇ ਨਿਵੇਸ਼ ਦੇ ਬਦਲੇ ਹੀ ਇਹ ਕੇਸ ਨਰਮ ਕੀਤੇ ਗਏ ਹਨ। ਅਮਰੀਕੀ ਕਾਨੂੰਨ ਵਿੱਚ ਕਾਰਪੋਰੇਟ ਸੈਟਲਮੈਂਟ ਇੱਕ ਆਮ ਪ੍ਰਕਿਰਿਆ ਹੈ। ਪਰ ਇਸ ਘਟਨਾਕ੍ਰਮ ਦੀ ਟਾਈਮਿੰਗ ਨੇ ਜਨਤਾ ਦੇ ਮਨ ਵਿੱਚ ਇੱਕ ਡੂੰਘਾ ਸ਼ੱਕ ਪੈਦਾ ਕਰ ਦਿੱਤਾ: ਕੀ ਅਰਬਾਂ ਡਾਲਰਾਂ ਦੀ ਤਾਕਤ ਨਾਲ ਕਾਨੂੰਨ ਦੇ ਸ਼ਿਕੰਜੇ ਨੂੰ ਬਦਲਿਆ ਜਾ ਸਕਦਾ ਹੈ? ਜੇਕਰ ਇੱਕ ਅਰਬਪਤੀ ਵਿਦੇਸ਼ਾਂ ਵਿੱਚ ਬਿਲੀਅਨ ਡਾਲਰਾਂ ਦੀ ਨਿਵੇਸ਼ ਖੇਡ ਖੇਡ ਕੇ ਸੈਟਲਮੈਂਟ ਕਰ ਸਕਦਾ ਹੈ, ਤਾਂ ਦੇਸ਼ ਦੀ ਅਰਥਵਿਵਸਥਾ 'ਤੇ ਸਭ ਤੋਂ ਵੱਡਾ ਅਸਰ ਕੌਣ ਪਾ ਰਿਹਾ ਹੈ ਉਹ ਅਰਬਪਤੀ ਜੋ ਅਰਬਾਂ ਡਾਲਰ ਬਾਹਰ ਭੇਜ ਰਿਹਾ ਹੈ ਜਾਂ ਉਹ ਆਮ ਭਾਰਤੀ ਜੋ ਦੇਸ਼ ਦੇ ਅੰਦਰ 2 Tole ਸੋਨਾ ਖਰੀਦ ਰਿਹਾ ਹੈ?

**ਲੋਕਤੰਤਰ ਵਿੱਚ 'ਭਰੋਸੇ ਦਾ ਸੰਕਟ'** : ਕਿਸੇ ਵੀ ਲੋਕਤੰਤਰ ਦੀ ਅਸਲ ਤਾਕਤ ਉਸਦੀ ਜਨਤਾ ਦਾ ਵਿਵਸਥਾ 'ਤੇ ਭਰੋਸਾ (Trust) ਹੁੰਦਾ ਹੈ। ਜਦੋਂ ਇਹ ਭਰੋਸਾ ਟੁੱਟਦਾ ਹੈ, ਤਾਂ ਲੋਕਤੰਤਰ ਕਮਜ਼ੋਰ ਹੁੰਦਾ ਹੈ। ਅੱਜ ਭਾਰਤ ਦੀ ਸੂਝਵਾਨ ਜਨਤਾ ਇਹ ਦੇਖ ਰਹੀ ਹੈ ਕਿ ਦੇਸ਼ ਦੀਆਂ ਨੀਤੀਆਂ ਵਿੱਚ ਇੱਕ ਸਪੱਸ਼ਟ ਦੋਹਰਾ ਮਾਪਦੰਡ ਦਿਖਾਈ ਦੇ ਰਿਹਾ ਹੈ: ਜੇਕਰ ਦੇਸ਼ ਆਰਥਿਕ ਤੰਗੀ ਵਿੱਚ ਹੈ, ਤਾਂ ਸਿਆਸੀ ਪਾਰਟੀਆਂ ਦੇ ਆਲੀਸ਼ਾਨ ਦਫ਼ਤਰਾਂ ਅਤੇ ਚੋਣ ਪ੍ਰਚਾਰਾਂ ਦੇ ਖਰਚਿਆਂ ਵਿੱਚ ਕਟੌਤੀ ਕਿਉਂ ਨਹੀਂ ਹੁੰਦੀ ? ਜੇਕਰ ਆਮ ਆਦਮੀ ਦਾ ਸੋਨਾ ਦੇਸ਼ ਦੇ ਭੰਡਾਰ ਨੂੰ ਹਿਲਾ ਸਕਦਾ ਹੈ, ਤਾਂ ਵੱਡੇ ਉਦਯੋਗਪਤੀਆਂ ਦੇ ਲੱਖਾਂ ਕਰੋੜ ਦੇ ਕਰਜ਼ੇ ਮਾਫ਼ ਕਿਉਂ ਕੀਤੇ ਜਾਂਦੇ ਹਨ? ਸਰਹੱਦਾਂ 'ਤੇ ਦੇਸ਼ ਲਈ ਜਾਨਾਂ ਦੇਣ ਵਾਲੇ ਅਤੇ ਖੇਤਾਂ ਵਿੱਚ ਖੂਨ-ਪਸੀਨਾ ਵਹਾਉਣ ਵਾਲੇ ਹਮੇਸ਼ਾ ਆਮ ਲੋਕ ਹੁੰਦੇ ਹਨ, ਪਰ ਦੇਸ਼ ਦੇ ਵੱਡੇ ਸੰਸਾਧਨ (ਹਵਾਈ ਅੱਡੇ, ਬੰਦਰਗਾਹਾਂ) ਚੋਣਵੇਂ ਕਾਰਪੋਰੇਟ ਘਰਾਣਿਆਂ ਦੀ ਝੋਲੀ ਵਿੱਚ ਪਾ ਦਿੱਤੇ ਜਾਂਦੇ ਹਨ। ਇਹ ਸਥਿਤੀ ਸਮਾਜ ਵਿੱਚ ਇੱਕ ਅਜਿਹੀ ਖ਼ਤਰਨਾਕ ਖਾਈ ਪੈਦਾ ਕਰ ਰਹੀ ਹੈ ਜਿੱਥੇ 'ਦੇਸ਼ ਹਿੱਤ' ਦੀ ਪਰਿਭਾਸ਼ਾ ਸਿਰਫ਼ ਆਮ ਲੋਕਾਂ ਨੂੰ ਦਬਾਉਣ ਤੇ ਉਹਨਾਂ ਦੇ ਹੱਕਾਂ ਨੂੰ ਸੀਮਿਤ ਕਰਨ ਦਾ ਇੱਕ ਸਾਧਨ ਬਣ ਕੇ ਰਹਿ ਗਈ ਪ੍ਰਤੀਤ ਹੁੰਦੀ ਹੈ।

**ਸਮਾਨਤਾਵਾਦੀ ਰਾਸ਼ਟਰਵਾਦ ਦੀ ਲੋੜ** : 'ਦੇਸ਼ ਹਿੱਤ' ਕੋਈ ਅਜਿਹਾ ਸਿਧਾਂਤ ਨਹੀਂ ਹੋ ਸਕਦਾ ਜੋ ਸਿਰਫ਼ ਆਮ ਜਨਤਾ 'ਤੇ ਹੀ ਜ਼ਬਰਦਸਤੀ ਲਾਗੂ ਕੀਤਾ ਜਾਵੇ, ਜਦਕਿ ਸਮਾਜ ਦੇ ਸਭ ਤੋਂ ਅਮੀਰ ਤੇ ਪ੍ਰਭਾਵਸ਼ਾਲੀ ਵਰਗ ਨੂੰ ਇਸ ਤੋਂ ਪੂਰੀ ਤਰ੍ਹਾਂ ਮੁਕਤ ਰੱਖਿਆ ਜਾਵੇ। ਇੱਕ ਸੱਚਾ ਤੇ ਮਜ਼ਬੂਤ ਲੋਕਤੰਤਰ ਉਦੋਂ ਹੀ ਬਣ ਸਕਦਾ ਹੈ ਜਦੋਂ ਦੇਸ਼ ਦੇ ਨਿਯਮ, ਕੁਰਬਾਨੀਆਂ ਅਤੇ ਲਾਭ ਸਭ ਦੇ ਲਈ ਇਕਸਾਰ ਅਤੇ ਬਰਾਬਰ ਹੋਣ। ਜਨਤਾ ਨੂੰ ਸੋਨਾ ਨਾ ਖਰੀਦਣ ਦੀਆਂ ਸਲਾਹਾਂ ਦੇਣ ਨਾਲ ਅਰਥਵਿਵਸਥਾ ਦੇ ਬੁਨਿਆਦੀ ਨੁਕਸ ਦੂਰ ਨਹੀਂ ਹੋਣਗੇ। ਜੇਕਰ ਸੱਚਮੁੱਚ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣਾ ਹੈ, ਤਾਂ ਸਭ ਤੋਂ ਪਹਿਲਾਂ ਵੱਡੇ ਕਾਰਪੋਰੇਟਾਂ ਦੇ ਵਿਦੇਸ਼ੀ ਲੈਣ-ਦੇਣ ਵਿੱਚ ਪਾਰਦਰਸ਼ਤਾ ਲਿਆਉਣੀ ਪਵੇਗੀ ਅਤੇ ਬੈਂਕਾਂ ਦੇ ਡੁੱਬੇ ਕਰਜ਼ਿਆਂ ਦੀ ਵਸੂਲੀ ਸਖ਼ਤੀ ਨਾਲ ਕਰਨੀ ਪਵੇਗੀ। 'ਦੇਸ਼ ਹਿੱਤ' ਦੇ ਨਾਮ 'ਤੇ ਆਮ ਜਨਤਾ ਦੀਆਂ ਖ਼ਾਹਸ਼ਾਂ ਤੇ ਉਹਨਾਂ ਦੀ ਆਰਥਿਕ ਸੁਰੱਖਿਆ ਦੀ ਬਲੀ ਦੇਣਾ ਹੁਣ ਬੰਦ ਹੋਣਾ ਚਾਹੀਦਾ ਹੈ। ਜਦੋਂ ਤੱਕ ਦੇਸ਼ ਦੇ ਅਰਬਪਤੀ ਤੇ ਸੱਤਾਧਾਰੀ ਆਗੂ ਖੁਦ ਤਿਆਗ ਦੀ ਮਿਸਾਲ ਪੇਸ਼ ਨਹੀਂ ਕਰਦੇ, ਉਦੋਂ ਤੱਕ ਆਮ ਜਨਤਾ ਨੂੰ ਦਿੱਤੇ ਜਾਣ ਵਾਲੇ ਉਪਦੇਸ਼ ਸਿਰਫ਼ ਇੱਕ ਰਾਜਨੀਤਿਕ ਪਖੰਡ ਹੀ ਕਹਾਉਣਗੇ। ਦੇਸ਼ ਸਭ ਦਾ ਹੈ, ਇਸ ਲਈ ਇਸ ਨੂੰ ਬਚਾਉਣ ਅਤੇ ਬਣਾਉਣ ਦੀ ਜ਼ਿੰਮੇਵਾਰੀ ਵੀ ਸਭ ਦੀ ਬਰਾਬਰ ਹੋਣੀ ਚਾਹੀਦੀ ਹੈ, ਚਾਹੇ ਉਹ ਝੌਂਪੜੀ ਵਿੱਚ ਰਹਿੰਦਾ ਦਿਹਾੜੀਦਾਰ ਮਜ਼ਦੂਰ ਹੋਵੇ ਜਾਂ ਮਹਿਲਾਂ ਵਿੱਚ ਰਹਿੰਦਾ ਕੋਈ ਅਰਬਪਤੀ ਕਾਰਪੋਰੇਟ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਭਿੰਡੀ ਦਾ ਪਾਣੀ ਹੈ ਇੱਕ ਸੁਪਰ ਡਰਿੰਕ

ਭਿੰਡੀ ਖਾਣ ਵਿਚ ਜਿੰਨੀ ਸੁਆਦੀ ਹੁੰਦੀ ਹੈ, ਓਨੀ ਹੀ ਸਿਹਤ ਲਈ ਵੀ ਫਾਇਦੇਮੰਦ ਹੈ। ਭਿੰਡੀ ਹੀ ਨਹੀਂ, ਸਗੋਂ ਇਸ ਦਾ ਪਾਣੀ ਵੀ ਅਣਗਿਣਤ ਸਿਹਤ ਲਾਭ ਪ੍ਰਦਾਨ ਕਰਦਾ ਹੈ। ਹਰ ਸਵੇਰੇ ਖਾਲੀ ਪੇਟ ਭਿੰਡੀ ਦਾ ਪਾਣੀ ਪੀਣ ਨਾਲ ਕਈ ਸਿਹਤ ਲਾਭ ਮਿਲ ਸਕਦੇ ਹਨ। ਭਿੰਡੀ ਦਾ ਪਾਣੀ ਪਾਚਨ ਪ੍ਰਣਾਲੀ ਨੂੰ ਬਿਹਤਰ ਬਣਾਉਂਦਾ ਹੈ ਅਤੇ ਭੁੱਖ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਭਿੰਡੀ ਦਾ ਪਾਣੀ ਇੱਕ ਸੁਪਰ ਡਰਿੰਕ ਹੈ ਜੋ ਇਨ੍ਹੀਂ ਦਿਨੀਂ ਲੋਕਾਂ ਵਿਚ ਕਾਫੀ ਲੋਕਪ੍ਰਿਯ ਹੋ ਰਿਹਾ ਹੈ।



**ਇਸ ਨੂੰ ਤਿਆਰ ਕਰਨ ਦਾ ਸਹੀ ਤਰੀਕਾ** ; 3-4 ਦਰਮਿਆਨੇ ਆਕਾਰ ਦੀਆਂ ਭਿੰਡੀਆਂ ਲਓ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਧੋ ਲਓ। ਭਿੰਡੀ ਦੇ ਦੋਵੇਂ ਸਿਰੇ ਕੱਟੋ ਅਤੇ ਵਿਚਕਾਰੋਂ ਇੱਕ ਲੰਮਾ ਚੀਰਾ ਬਣਾਓ। ਉਨ੍ਹਾਂ ਨੂੰ ਰਾਤ ਭਰ (8-10 ਘੰਟੇ) ਇੱਕ ਗਲਾਸ ਪਾਣੀ ਵਿੱਚ ਭਿਓ ਦਿਓ। ਸਵੇਰੇ ਭਿੰਡੀ ਨੂੰ ਪਾਣੀ ਵਿੱਚੋਂ ਨਿਚੋੜ ਕੇ ਕੱਢ ਅਤੇ ਇਸ ਪਾਣੀ ਦਾ ਖਾਲੀ ਪੇਟ ਸੇਵਨ ਕਰੋ।

**ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ** ; ਭਿੰਡੀ ਦੇ ਪਾਣੀ ਦਾ ਸਭ ਤੋਂ ਵੱਡਾ ਫਾਇਦਾ ਸ਼ੂਗਰ ਦੇ ਮਰੀਜ਼ਾਂ ਲਈ ਹੈ। ਇਸ ਵਿੱਚ ਇਨਸੁਲਿਨ ਵਰਗੇ ਗੁਣ ਹੁੰਦੇ ਹਨ ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾਉਣ ਅਤੇ ਸਥਿਰ ਕਰਨ ਵਿੱਚ ਮਦਦ ਕਰਦਾ ਹੈ।

**ਪਾਚਨ ਪ੍ਰਣਾਲੀ ਲਈ ਚੰਗਾ** ; ਭਿੰਡੀ ਵਿੱਚ ਫਾਈਬਰ ਅਤੇ ਮਿਊਸੀਲੇਜ ਦੀ ਉੱਚ ਮਾਤਰਾ ਹੁੰਦੀ ਹੈ। ਇਹ ਪਾਚਨ ਪ੍ਰਣਾਲੀ ਨੂੰ ਬਿਹਤਰ ਬਣਾਉਂਦਾ ਹੈ, ਜਿਸ ਨਾਲ ਕਬਜ਼ ਅਤੇ ਗੈਸ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

**ਇਮਿਊਨਿਟੀ** ; ਭਿੰਡੀ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟ ਤੁਹਾਡੇ ਸਰੀਰ ਦੀ ਇਮਿਊਨਿਟੀ ਨੂੰ ਵਧਾਉਂਦੇ ਹਨ, ਤੁਹਾਨੂੰ ਮੌਸਮੀ ਬਿਮਾਰੀਆਂ ਅਤੇ ਇਨਫੈਕਸ਼ਨਾਂ ਤੋਂ ਬਚਾਉਂਦੇ ਹਨ।

# ਸਾਂਸਦ ਮੈਂਬਰ ਸੰਧੂ ਨੇ ਚੰਦਰਬਾਬੂ ਨਾਇਡੂ ਨਾਲ ਕੀਤੀ ਮੁਲਾਕਾਤ

## ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ 'ਕਾਰੋਬਾਰ ਕਰਨ ਦੀ ਗਤੀ' ਦੇ ਖਾਕੇ ਦੀ ਰੂਪ-ਰੇਖਾ ਦਿੱਤੀ

ਹੈਦਰਾਬਾਦ/ਚੰਡੀਗੜ੍ਹ, 19 ਮਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਲੰਬੇ ਸਮੇਂ ਦੇ ਵਿਕਾਸ ਰੋਡਮੈਪ ਨੂੰ ਆਕਾਰ ਦੇਣ ਦੇ ਉਦੇਸ਼ ਨਾਲ ਇੱਕ ਵੱਡੇ ਰਣਨੀਤਕ ਕਦਮ ਵਿੱਚ, ਸੰਸਦ ਮੈਂਬਰ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਹਾਲ ਹੀ ਵਿੱਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਨਾਲ ਮੁਲਾਕਾਤ ਕਰਕੇ ਸ਼ਾਸਨ ਮਾਡਲਾਂ, ਉਦਯੋਗਿਕ ਨੀਤੀਆਂ ਅਤੇ ਨਵੀਨਤਾ-ਅਧਾਰਤ ਪਹਿਲਕਦਮੀਆਂ ਦਾ ਅਧਿਐਨ ਕੀਤਾ ਜਿਨ੍ਹਾਂ ਨੇ ਅਣਵੰਡੇ ਆਂਧਰਾ ਪ੍ਰਦੇਸ਼ ਨੂੰ ਇੱਕ ਤਕਨਾਲੋਜੀ ਪਾਵਰਹਾਊਸ ਵਿੱਚ ਬਦਲ ਦਿੱਤਾ ਅਤੇ ਵਰਤਮਾਨ ਵਿੱਚ ਅਮਰਾਵਤੀ ਨੂੰ ਇੱਕ ਭਵਿੱਖਮੁਖੀ ਗਲੋਬਲ ਸ਼ਹਿਰ ਵਿੱਚ ਬਦਲ ਰਹੇ ਹਨ। ਮੁੱਖ ਮੰਤਰੀ ਨਾਇਡੂ ਦੇ ਮਸ਼ਹੂਰ ਸ਼ਾਸਨ ਮਾਡਲ ਤੋਂ ਪ੍ਰਾਪਤ ਸੂਝਾਂ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੁਆਰਾ ਪੰਜਾਬ ਦੇ ਆਰਥਿਕ ਪੁਨਰ ਸੁਰਜੀਤੀ ਲਈ ਤਿਆਰ ਕੀਤੇ ਜਾ ਰਹੇ ਇੱਕ ਵਿਆਪਕ ਦ੍ਰਿਸ਼ਟੀ ਦਸਤਾਵੇਜ਼ ਵਿੱਚ ਸ਼ਾਮਲ ਕੀਤਾ ਜਾਵੇਗਾ, ਜਿਸਦਾ ਉਦੇਸ਼ ਪੰਜਾਬ ਨੂੰ ਮੁੱਖ ਤੌਰ @ਤੇ ਖੇਤੀਬਾੜੀ ਅਰਥਵਿਵਸਥਾ ਤੋਂ ਇੱਕ ਵਿਭਿੰਨ, ਬਹੁ-ਖੇਤਰੀ ਵਿਕਾਸ ਕੇਂਦਰ ਵਿੱਚ ਤਬਦੀਲ ਕਰਨਾ ਹੈ ਜਿਸ ਵਿੱਚ ਸੂਚਨਾ ਤਕਨਾਲੋਜੀ (ਆਈ.ਟੀ.), ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.), ਸੈਮੀਕੰਡਕਟਰ, ਸਿਹਤ ਸੰਭਾਲ ਅਤੇ ਉੱਨਤ ਉੱਦਮਤਾ ਸ਼ਾਮਲ ਹਨ।



ਉੱਚ-ਪੱਧਰੀ ਵਿਚਾਰ-ਵਟਾਂਦਰੇ ਦੌਰਾਨ, ਐਮ.ਪੀ. ਸੰਧੂ ਨੇ ਮੁੱਖ ਮੰਤਰੀ ਨਾਇਡੂ ਦੇ ÷ਸਪੀਡ ਆਫ਼ ਡੂਇੰਗ ਬਿਜ਼ਨਸ÷ ਮਾਡਲ ਦੇ ਤਹਿਤ ਰਵਾਇਤੀ ਨੌਕਰਸ਼ਾਹੀ ਪ੍ਰਕਿਰਿਆਵਾਂ ਤੋਂ ਇੱਕ ਉੱਚ-ਵੇਗ ਵਾਲੇ ਪ੍ਰਸ਼ਾਸਨ ਵਿੱਚ ਤਬਦੀਲੀ ਦਾ ਵਿਸ਼ਲੇਸ਼ਣ ਕੀਤਾ ਜਿਸਨੇ ਆਂਧਰਾ ਪ੍ਰਦੇਸ਼ ਨੂੰ 8.67 ਲੱਖ ਕਰੋੜ ਰੁਪਏ (£105 ਬਿਲੀਅਨ) ਦੇ ਮੁੱਲ ਦੇ 216 ਵਚਨਬੱਧ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਆਕਰਸ਼ਿਤ ਕੀਤਾ ਹੈ। ÷ਸੀ.ਈ.ਓ. ਮੁੱਖ ਮੰਤਰੀ÷ ਵਜੋਂ ਜਾਣੇ ਜਾਂਦੇ, ਨਾਇਡੂ ਨੇ ਇੱਕ ਇਤਿਹਾਸਕ 4♦ ਮਾਡਲ (ਲੋਕ, ਜਨਤਕ, ਨਿੱਜੀ, ਭਾਈਵਾਲੀ) ਦੀ ਅਗਵਾਈ ਕੀਤੀ ਹੈ ਜੋ ਵਿਸ਼ਵ ਤਕਨੀਕੀ ਦਿੱਗਜਾਂ ਨੂੰ 100% SGST ਅਦਾਇਗੀਆਂ ਅਤੇ ਨਾਮਾਤਰ ਜ਼ਮੀਨੀ ਦਰਾਂ ਦੀ ਪੇਸ਼ਕਸ਼ ਕਰਕੇ ਲਾਲ ਫੀਤਾਸ਼ਾਹੀ ਨੂੰ ਘਟਾਉਂਦਾ ਹੈ। ਐਮਪੀ ਸੰਧੂ ਨੇ ਜ਼ੋਰ ਦੇ ਕੇ ਕਿਹਾ ਕਿ ਰਾਜ ਦੀ @ਇੱਕ ਪਰਿਵਾਰ, ਇੱਕ ਉੱਦਮੀ@ ਪਹਿਲਕਦਮੀ ਜ਼ਮੀਨੀ ਪੱਧਰ @ਤੇ ਸਵੈ-ਰੁਜ਼ਗਾਰ ਨੂੰ ਖੋਲ੍ਹਣ ਲਈ ਇੱਕ ਆਦਰਸ਼ ਢਾਂਚੇ ਵਜੋਂ ਕੰਮ ਕਰਦੀ ਹੈ, ਜੋ ਸਿੱਧੇ ਤੌਰ @ਤੇ ਪੰਜਾਬ ਦੇ ਨੌਜਵਾਨਾਂ ਦੀ ਜਨਮਜਾਤ ਉੱਦਮੀ ਭਾਵਨਾ ਨੂੰ ਵਰਤ ਸਕਦੀ ਹੈ ਅਤੇ ਘਰ ਵਿੱਚ ਕਾਫ਼ੀ ਮੌਕੇ ਪੈਦਾ ਕਰਕੇ ਰਾਜ ਦੇ ਗੰਭੀਰ ਦਿਮਾਗੀ ਨਿਕਾਸ ਨੂੰ ਘਟਾ ਸਕਦੀ ਹੈ।

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਕਿਹਾ, ÷ਆਂਧਰਾ ਪ੍ਰਦੇਸ਼ ਅਤੇ ਪੰਜਾਬ ਦੋਵਾਂ ਵਿੱਚ ਖੇਤੀਬਾੜੀ ਮੁੱਖ ਕਿੱਤਿਆਂ ਵਿੱਚੋਂ ਇੱਕ ਹੈ ਜੋ ਇਸਦੇ ਜੀਡੀਪੀ ਵਿੱਚ ਯੋਗਦਾਨ ਪਾਉਂਦੀ ਹੈ ਪਰ ਪੰਜਾਬ ਨੇ ਹਰੀ ਕ੍ਰਾਂਤੀ ਅਤੇ ਭਾਰਤ ਨੂੰ ਅਨਾਜ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਸਮੇਂ ਦੇ ਨਾਲ ਯੋਗਦਾਨ ਪਾਇਆ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਅਤੇ ਆਂਧਰਾ ਪ੍ਰਦੇਸ਼ ਡੂੰਘੀ ਤਕਨੀਕੀ ਕ੍ਰਾਂਤੀ ਵਿੱਚ ਹਿੱਸਾ ਲੈਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਅਗਲੀ ਪੀੜ੍ਹੀ ਦੀਆਂ ਤਕਨਾਲੋਜੀਆਂ ਦਾ ਇੱਕ ਗਲੋਬਲ ਹੱਬ ਬਣਨ।

ਐਮਪੀ ਸਤਨਾਮ ਸੰਧੂ ਨੇ ਕਿਹਾ, ਚੰਦਰਬਾਬੂ ਨਾਇਡੂ ਜੋ ਕਿ ਇੱਕ ਦੂਰਦਰਸ਼ੀ ਨੇਤਾ ਹਨ, ਅਮਰਾਵਤੀ ਨੂੰ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਬਣਾ ਰਹੇ ਹਨ, ਡੂੰਘੀ ਤਕਨੀਕ ਅਤੇ ਗਲੋਬਲ ਗਿਆਨ ਦਾ ਇੱਕ ਗਲੋਬਲ ਹੱਬ ਜੋ ਹੋਰ ਭਾਰਤੀ ਰਾਜਾਂ ਅਤੇ ਦੇਸ਼ਾਂ ਦੇ 5 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਆਕਰਸ਼ਿਤ ਕਰੇਗਾ। ਅਮਰਾਵਤੀ ਵਿਖੇ ਗਲੋਬਲ ਗਿਆਨ ਕੇਂਦਰ ਟੋਕੀਓ ਯੂਨੀਵਰਸਿਟੀ ਵਰਗੀਆਂ ਚੋਟੀ ਦੀਆਂ ਗਲੋਬਲ ਯੂਨੀਵਰਸਿਟੀਆਂ ਨੂੰ ਵੀ ਆਪਣੇ ਕੈਂਪਸ ਸਥਾਪਤ ਕਰਨ ਲਈ ਆਕਰਸ਼ਿਤ ਕਰ ਰਿਹਾ ਹੈ।

ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਅਮਰਾਵਤੀ ਨੂੰ ਗਲੋਬਲ ਕੁਆਂਟਮ ਵੈਲੀ ਵਜੋਂ ਵਿਕਸਤ ਕਰਨ ਲਈ ਚੰਦਰਬਾਬੂ ਨਾਇਡੂ ਦੀ ਅਗਵਾਈ ਦੀ ਪ੍ਰਸ਼ੰਸਾ ਕੀਤੀ ਜੋ ਕਿ IBM ਵਰਗੀਆਂ ਗਲੋਬਲ ਦਿੱਗਜਾਂ ਤੋਂ ਵੱਡੇ ਨਿਵੇਸ਼ ਨੂੰ ਆਕਰਸ਼ਿਤ ਕਰ ਰਹੀ ਹੈ ਜੋ ਆਪਣੇ 19 ਅਤੇ ਡੇਟਾ ਸੈਂਟਰ ਸਥਾਪਤ ਕਰ ਰਹੀਆਂ ਹਨ।

ਸੰਸਦ ਮੈਂਬਰ ਸੰਧੂ ਨੇ ਕੁਆਂਟਮ ਕੰਪਿਊਟਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਰਾਜ ਦੀਆਂ ਤੇਜ਼ ਤਰੱਕੀਆਂ ਦਾ ਅਧਿਐਨ ਕਰਨ ਲਈ ਅਮਰਾਵਤੀ ਕੁਆਂਟਮ ਰੈਫਰੈਂਸ ਫੈਸਿਲਿਟੀ ਦਾ ਵੀ ਦੌਰਾ ਕੀਤਾ। ਐਮਪੀ ਸੰਧੂ ਨੇ ਅੱਗੇ ਦੱਸਿਆ ਕਿ ਪੰਜਾਬ ਇਨ੍ਹਾਂ ਆਉਣ ਵਾਲੇ ਤਕਨਾਲੋਜੀ ਢਾਂਚੇ ਨੂੰ ਕਿਵੇਂ ਜੋੜਨ ਲਈ ਰਣਨੀਤਕ ਸੰਘੀ ਸਹਾਇਤਾ ਦਾ ਲਾਭ ਉਠਾ ਸਕਦਾ ਹੈ, ਮੋਹਾਲੀ ਵਿੱਚ ਸੈਮੀ-ਕੰਡਕਟਰ ਲੈਬਾਰਟਰੀ (ਐਸਐਮਐਲ) ਦੇ ਆਧੁਨਿਕੀਕਰਨ ਅਤੇ ਵਿਸਥਾਰ ਲਈ ਇੰਡੀਆ ਸੈਮੀਕੰਡਕਟਰ ਮਿਸ਼ਨ ਅਧੀਨ ਕੇਂਦਰ ਸਰਕਾਰ ਵੱਲੋਂ ?4,500 ਕਰੋੜ ਦੇ ਅਲਾਟਮੈਂਟ ਵੱਲ ਇਸ਼ਾਰਾ ਕਰਦੇ ਹੋਏ। ਮੀਟਿੰਗ ਨੇ ਅਮਰਾਵਤੀ ਦੇ ਵਿਕਾਸ ਦੀ ਵਿਆਪਕ ਤੌਰ 'ਤੇ ਪੜਚੋਲ ਕੀਤੀ, ਜਿਸਦੀ ਕਲਪਨਾ ਭਾਰਤ ਦੇ ਪਹਿਲੇ ਭਵਿੱਖਮੁਖੀ ਗਲੋਬਲ ਸ਼ਹਿਰ ਵਜੋਂ ਕੀਤੀ ਗਈ ਹੈ ਜੋ ਕਿ ਵਿਕਾਸ ਭਾਰਤ ਨੂੰ ਸਾਕਾਰ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੇ ਸਹਿਯੋਗੀ ਦ੍ਰਿਸ਼ਟੀਕੋਣ ਦੁਆਰਾ ਬਣਾਇਆ ਗਿਆ ਹੈ।



ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਸਾਬਕਾ ਰਾਸ਼ਟਰਪਤੀ, ਸ਼੍ਰੀ ਨੀਲਮ ਸੰਜੀਵ ਰੈਡੀ ਨੂੰ ਉਨ੍ਹਾਂ ਦੀ ਜੈਯੰਤੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਲੋੜਵੰਦ ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ ਪ੍ਰਦਾਨ ਕਰਨਾ ਰਾਸ਼ਟਰ ਨਿਰਮਾਣ ਵੱਲ ਇੱਕ ਸ਼ਕਤੀਸ਼ਾਲੀ ਕਦਮ : ਰਾਜਪਾਲ ਕਟਾਰੀਆ

ਚੰਡੀਗੜ੍ਹ, 19 ਮਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਭਾਰਤ ਵਿਕਾਸ ਪ੍ਰੀਸ਼ਦ ਚੈਰੀਟੇਬਲ ਟਰੱਸਟ, ਚੰਡੀਗੜ੍ਹ ਦੁਆਰਾ ਆਯੋਜਿਤ ÷ਸਾਖਰਤਾ÷ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਲੋੜਵੰਦ ਅਤੇ ਹੋਣਹਾਰ ਸਕੂਲੀ ਵਿਦਿਆਰਥੀਆਂ ਨੂੰ ਵਿਦਿਅਕ ਸਮੱਗਰੀ ਵੰਡੀ ਗਈ। ਪ੍ਰੋਗਰਾਮ ਦੌਰਾਨ, ਲਗਭਗ 450 ਪਛੜੇ ਵਿਦਿਆਰਥੀਆਂ ਨੂੰ ਸਕੂਲ ਵਰਦੀਆਂ, ਬੈਗ, ਸਟੇਸ਼ਨਰੀ ਅਤੇ ਹੋਰ ਅਧਿਐਨ ਸਮੱਗਰੀ ਪ੍ਰਦਾਨ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਪ੍ਰਸ਼ਾਸਕ ਨੇ ਕਿਹਾ ਕਿ ਬੱਚਿਆਂ ਨੂੰ ਵਿਦਿਅਕ ਸਹਾਇਤਾ ਪ੍ਰਦਾਨ ਕਰਨਾ ਸਿਰਫ ਦਾਨ ਦਾ ਕੰਮ ਨਹੀਂ ਹੈ, ਸਗੋਂ ਰਾਸ਼ਟਰ ਨਿਰਮਾਣ ਵੱਲ ਇੱਕ ਦੂਰਦਰਸ਼ੀ ਅਤੇ ਸ਼ਕਤੀਸ਼ਾਲੀ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਆਤਮ-ਵਿਸ਼ਵਾਸ, ਸਵੈ-ਮਾਣ ਅਤੇ ਸਵੈ-ਨਿਰਭਰਤਾ ਪੈਦਾ ਕਰਨ ਦੀ ਸਭ ਤੋਂ ਵੱਡੀ ਸ਼ਕਤੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ, ਅਨੁਸ਼ਾਸਿਤ ਰਹਿਣ ਅਤੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ। ਪ੍ਰਸ਼ਾਸਕ ਨੇ ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਦੇ ਪ੍ਰਦਰਸ਼ਨ ਵਿੱਚ ਨਿਰੰਤਰ ਸੁਧਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਾਲ ਸੀਬੀਐਸਈ ਜਮਾਤ 12ਵੀਂ ਦੀਆਂ ਪ੍ਰੀਖਿਆਵਾਂ ਵਿੱਚ ਸਰਕਾਰੀ ਸਕੂਲਾਂ ਦਾ ਕੁੱਲ ਪਾਸ ਪ੍ਰਤੀਸ਼ਤ 87.25 ਪ੍ਰਤੀਸ਼ਤ ਰਿਹਾ, ਜੋ ਕਿ ਰਾਸ਼ਟਰੀ ਔਸਤ 85.2 ਪ੍ਰਤੀਸ਼ਤ ਤੋਂ ਵੱਧ ਹੈ। ਉਨ੍ਹਾਂ ਅੱਗੇ ਕਿਹਾ ਕਿ 57 ਵਿਦਿਆਰਥੀਆਂ ਨੇ 95 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ, ਜਦੋਂ ਕਿ 348 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਕਿ ਪਿਛਲੇ ਸਾਲ ਨਾਲੋਂ ਇੱਕ ਮਹੱਤਵਪੂਰਨ ਸੁਧਾਰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਇੱਕ ਢਾਂਚਾਗਤ ਕਰੀਅਰ ਕਾਉਂਸਲਿੰਗ ਪ੍ਰੋਗਰਾਮ ਸ਼ੁਰੂ ਕਰਨ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਅਤੇ ਉੱਚ ਸਿੱਖਿਆ ਦੇ ਮੌਕੇ ਪ੍ਰਦਾਨ ਕਰਨ ਲਈ ਉਦਯੋਗਪਤੀਆਂ ਅਤੇ ਹੋਰ ਹਿੱਸੇਦਾਰਾਂ ਤੋਂ ਸਹਾਇਤਾ ਜੁਟਾਉਣ ਲਈ ਕੰਮ ਕਰ ਰਿਹਾ ਹੈ। ਪ੍ਰਸ਼ਾਸਕ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਈ ਸਾਲ 2026-27 ਲਈ 25 ਲੱਖ ਅਲਾਟ ਕਰਨ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸਕੂਲ ਸਿੱਖਿਆ ਨਿਰਦੇਸ਼ਕ ਸ਼੍ਰੀ ਨਿਤੀਸ਼ ਸਿੰਗਲਾ; ਭਾਰਤ ਵਿਕਾਸ ਪ੍ਰੀਸ਼ਦ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਸ਼੍ਰੀ ਅਜੈ ਦੱਤਾ; ਭਾਰਤ ਵਿਕਾਸ ਪ੍ਰੀਸ਼ਦ ਦੇ ਰਾਸ਼ਟਰੀ ਸੰਗਠਨ ਸਕੱਤਰ ਸ਼੍ਰੀ ਸੁਰੇਸ਼ ਜੈਨ; ਸਾਖਰਤਾ ਪ੍ਰੋਜੈਕਟ ਦੇ ਨਿਰਦੇਸ਼ਕ ਸ਼੍ਰੀ ਅਸ਼ੋਕ ਕੁਮਾਰ ਗੋਇਲ; ਅਤੇ ਭਾਰਤ ਵਿਕਾਸ ਪ੍ਰੀਸ਼ਦ, ਚੰਡੀਗੜ੍ਹ ਦੇ ਪ੍ਰਧਾਨ ਸ਼੍ਰੀ ਐਮ.ਕੇ. ਵੀਰਮਾਨੀ ਸਮੇਤ ਹੋਰ ਪਤਵੰਤੇ ਮੌਜੂਦ ਸਨ।



# ਚਰਨਜੀਤ ਸਿੰਘ ਸਪਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ

ਨਾਂਦੇੜ, 19 ਮਈ (ਅੰਮ੍ਰਿਤਪਾਲ ਸਿੰਘ) : ਮੁੰਬਈ ਦੇ ਨਿਵਾਸੀ ਅਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਰਦਾਰ ਚਰਨਜੀਤ ਸਿੰਘ ਜੀ ਸਪਰਾ ਬੀਤੇ ਦਿਨ (੧੮ ਮਈ) ਮੁੰਬਈ ਤੋਂ ਇੱਕ ਨਿੱਜੀ ਹਵਾਈ ਜਹਾਜ਼ ਰਾਹੀਂ ੬੦ ਤੋਂ ਵੱਧ ਸ਼ਰਧਾਲੂਆਂ ਦੀ ਸੰਗਤ ਨਾਲ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਵਿਖੇ ਦਰਸ਼ਨ-ਦੀਦਾਰਿਆਂ ਲਈ ਪੁੱਜੇ। ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਉਣ ਤੋਂ ਬਾਅਦ, ਸਪਰਾ ਜੀ ਅਤੇ ਸੰਗਤਾਂ ਨੇ ਨਾਂਦੇੜ ਸਥਿਤ ਹੋਰ ਸਥਾਨਕ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਵੀ ਬੜੀ ਸ਼ਰਧਾ ਭਾਵਨਾ ਨਾਲ ਦਰਸ਼ਨ ਕੀਤੇ। ਦਰਸ਼ਨਾਂ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਚਰਨਜੀਤ ਸਿੰਘ ਸਪਰਾ ਨੇ ਗੁਰਦੁਆਰਾ ਸੱਚਖੰਡ ਬੋਰਡ ਦੇ ਮੌਜੂਦਾ ਪ੍ਰਬੰਧਕ ਡਾਕਟਰ ਵਿਜੇ ਸਤਬੀਰ ਸਿੰਘ ਜੀ (ਆਈ.ਏ.ਐੱਸ. ਰਿਟਾ.) ਵੱਲੋਂ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਸਪਰਾ ਜੀ ਨੇ ਆਖਿਆ ਕਿ ਮੌਜੂਦਾ ਪ੍ਰਬੰਧਕਾਂ ਵੱਲੋਂ ਹਜ਼ੂਰ ਸਾਹਿਬ ਲਈ ਹਵਾਈ ਸੇਵਾਵਾਂ ਨੂੰ ਸੁਚਾਰੂ ਰੂਪ ਵਿੱਚ ਸ਼ੁਰੂ ਕਰਵਾਉਣਾ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਅੱਗੇ ਕਿਹਾ ਕਿ ਯਾਤਰੀਆਂ ਦੇ ਠਹਿਰਨ ਲਈ ਕਮਰਿਆਂ (ਰੂਮ), ਲੰਗਰ ਦੀ ਸੁਚੱਜੀ ਵਿਵਸਥਾ, ਅਤੇ ਖਾਸ ਕਰਕੇ ਰੇਲਵੇ ਸਟੇਸ਼ਨ ਤੇ ਹਵਾਈ ਅੱਡੇ ਤੋਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਤੱਕ ਆਉਣ-ਜਾਣ ਲਈ ਦਿੱਤੀ ਜਾ ਰਹੀ ਫ੍ਰੀ ਬੱਸ ਸੇਵਾ ਵਰਗੀਆਂ ਸਹੂਲਤਾਂ ਸ਼ਰਧਾਲੂਆਂ ਲਈ ਬੇਹੱਦ ਲਾਹੇਵੰਦ ਸਾਬਤ ਹੋ ਰਹੀਆਂ ਹਨ। ਉਨ੍ਹਾਂ ਇਨ੍ਹਾਂ ਲੋਕ-ਭਲਾਈ ਅਤੇ ਪ੍ਰਬੰਧਕੀ ਸੁਧਾਰਾਂ ਲਈ ਡਾਕਟਰ ਵਿਜੇ ਸਤਬੀਰ ਸਿੰਘ ਜੀ ਅਤੇ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਉੱਤਰੀ ਪੂਰਬੀ ਰਾਜਾਂ ਦੇ ਕਾਰੀਗਰਾਂ ਅਤੇ ਬੁਣਕਰਾਂ ਦੇ ਸਮੂਹ ਨੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ, 19 ਮਈ (ਅੰਮ੍ਰਿਤਪਾਲ ਸਿੰਘ) : ਉੱਤਰ ਪੂਰਬੀ ਰਾਜਾਂ ਦੇ ਕਾਰੀਗਰਾਂ ਅਤੇ ਬੁਣਕਰਾਂ ਦੇ ਇੱਕ ਸਮੂਹ ਨੇ ਅੱਜ (19 ਮਈ, 2026) ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। 26 ਜਨਵਰੀ, 2026 ਨੂੰ ਆਯੋਜਿਤ ਐਟ ਹੋਮ ਰਿਸੈਪਸ਼ਨ ਦੌਰਾਨ ਸੱਦਾ ਪੱਤਰ ਕਿੱਟ ਤਿਆਰ ਕਰਨ ਅਤੇ ਭਾਰਤ ਦੇ ਉੱਤਰ ਪੂਰਬੀ ਖੇਤਰ ਦੀ ਵਿਭਿੰਨ ਕਲਾਤਮਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਨ ਵਿੱਚ ਮਦਦ ਕਰਨ ਵਾਲੇ ਕਾਰੀਗਰ ਅਤੇ ਬੁਣਕਰ ਸਨ। ਉਦਾਹਰਣ ਵਜੋਂ, ਨਾਗਾਲੈਂਡ ਦੇ ਕਾਰੀਗਰਾਂ ਨੇ ਕੇਲੇ ਦੇ ਰੇਸ਼ੇ ਅਤੇ ਬਾਂਸ ਦੀ ਵਰਤੋਂ ਕਰਕੇ ਟੋਕਰੀਆਂ ਬਣਾਈਆਂ, ਅਸਾਮ ਦੇ ਜੁਲਾਹੇ ਸਟੋਲ ਬਣਾਏ, ਮਨੀਪੁਰ ਦੇ ਕਾਰੀਗਰਾਂ ਨੇ ਕਾਲੇ ਮਿੱਟੀ ਦੇ ਭਾਂਡੇ ਬਣਾਏ, ਅਤੇ ਸਿੱਕਮ ਦੇ ਕਾਰੀਗਰਾਂ ਨੇ ਕੁਦਰਤੀ ਰੇਸ਼ੇ ਦੀ ਵਰਤੋਂ ਕਰਕੇ ਉਤਪਾਦ ਬਣਾਏ। ਗੱਲਬਾਤ ਦੌਰਾਨ, ਕਾਰੀਗਰਾਂ ਅਤੇ ਬੁਣਕਰਾਂ ਨੇ ਰਾਸ਼ਟਰਪਤੀ ਭਵਨ ਵਿਖੇ ਐਟ ਹੋਮ ਰਿਸੈਪਸ਼ਨ ਲਈ ਕੰਮ ਕਰਨ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਧੰਨਵਾਦ ਪ੍ਰਗਟ ਕੀਤਾ। ਅਸਾਮ, ਨਾਗਾਲੈਂਡ, ਮਿਜ਼ੋਰਮ, ਮਨੀਪੁਰ, ਤ੍ਰਿਪੁਰਾ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਦੇ ਕਾਰੀਗਰਾਂ ਅਤੇ ਬੁਣਕਰਾਂ ਨਾਲ ਆਪਣੀ ਗੱਲਬਾਤ ਵਿੱਚ, ਉਨ੍ਹਾਂ ਨੇ ਕਿਹਾ ਕਿ ਉੱਤਰ-ਪੂਰਬ ਵਿੱਚ ਕੁਦਰਤੀ ਸੁੰਦਰਤਾ ਦੀ ਭਰਪੂਰਤਾ ਹੈ। ਉਨ੍ਹਾਂ ਨੇ ਕਾਰੀਗਰਾਂ ਅਤੇ ਬੁਣਕਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਜੋ ਉਨ੍ਹਾਂ ਦਾ ਕਲਾਤਮਕ ਗਿਆਨ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ ਅਤੇ ਉਹ ਸਵੈ-ਨਿਰਭਰ ਬਣ ਸਕਣ। ਉਨ੍ਹਾਂ ਨੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਸੁਰੱਖਿਅਤ ਰੱਖਣ ਲਈ ਕਾਰੀਗਰਾਂ ਅਤੇ ਬੁਣਕਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਹ ਰਾਸ਼ਟਰ ਦੀ ਜੀਵਤ ਵਿਰਾਸਤ ਦੀ ਚਮਕਦਾਰ ਉਦਾਹਰਣ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਅਨਮੋਲ ਪਰੰਪਰਾਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦੀ ਤਾਕੀਦ ਕੀਤੀ। ਮੀਟਿੰਗ ਤੋਂ ਬਾਅਦ, ਕਾਰੀਗਰਾਂ ਅਤੇ ਬੁਣਕਰਾਂ ਨੇ ਅੰਮ੍ਰਿਤ ਉਦਯਾਨ ਸਮੇਤ ਰਾਸ਼ਟਰਪਤੀ ਭਵਨ ਦਾ ਇੱਕ ਗਾਈਡਡ ਟੂਰ ਕੀਤਾ।



ਪੰਜਾਬ ਕੇਡਰ ਦੇ ਚਾਰ ਆਈਏਐਸ ਪ੍ਰੋਬੇਸ਼ਨਰ, ਸੁਭਾਰਤ ਸਿੰਘ ਬਲੋਟ, ਗੁਰਕੰਵਲ ਸਿੰਘ, ਹਿਮਾਂਸ਼ੂ ਅਤੇ ਅਦੀਬਾ ਅਨਮ ਅਸ਼ਫਾਕ ਅਹਿਮਦ ਨੇ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਗੱਲਬਾਤ ਦੌਰਾਨ, ਜਨਤਕ ਸੇਵਾ, ਚੰਗੇ ਸ਼ਾਸਨ ਅਤੇ ਰਾਸ਼ਟਰ ਨਿਰਮਾਣ ਵਿੱਚ ਨੌਜਵਾਨ ਸਿਵਲ ਸੇਵਕਾਂ ਦੀਆਂ ਜ਼ਿੰਮੇਵਾਰੀਆਂ 'ਤੇ ਚਰਚਾ ਕੀਤੀ।

# ਗੁ. ਗੁਰੂ ਕਲਗੀਧਰ ਸਾਹਿਬ ਵਿਖੇ ਛੋਟਾ ਘੱਲੂਘਾਰਾ ਨੂੰ ਸਮਰਪਿਤ ਸਮਾਗਮ

ਮਿਲਾਨ, 19 ਮਈ (ਦਲਜੀਤ ਮੱਕੜ) ਗੁਰਦੁਆਰਾ ਸ਼੍ਰੀ ਗੁਰੂ ਕਲਗੀਧਰ ਸਾਹਿਬ ਜੀ ਤੋਰੇ ਦੀ ਪਿਚਨਾਰਦੀ ਪਾਸ਼ੀਨਾ ਕਰਮੋਨੇਜੇ (ਕਰੇਮੋਨਾ) ਵਿਖੇ ਛੋਟਾ ਘੱਲੂਘਾਰਾ (ਕਾਹਨੂੰਵਾਨ ਦੀ ਛੰਭ) ਨੂੰ ਸਮਰਪਿਤ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਇਲਾਕੇ ਭਰ ਤੋਂ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰੀ। ਇਸ ਸਮਾਗਮ ਮੌਕੇ ਸਜਾਏ ਦੀਵਾਨਾਂ ਵਿੱਚ ਭਾਈ ਸਰਵਣ ਸਿੰਘ ਹੈਡ ਗ੍ਰੰਥੀ ਨੇ ਕਥਾ ਵਿਚਾਰਾਂ ਨਾਲ ਛੋਟੇ ਘੱਲੂਘਾਰੇ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਪਰੰਤ ਦਮਨਜੋਤ ਸਿੰਘ ਅਤੇ ਕੀਰਤ ਕੌਰ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆ ਆਖਿਆ। ਉਹਨਾਂ ਕਿਹਾ ਕਿਹਾ ਕਿ ਸਿੱਖ ਇਤਿਹਾਸ ਦੇ ਇਹ ਮਹਾਨ ਸ਼ਹੀਦ ਕੌਮ ਲਈ ਪ੍ਰੇਰਣਾ ਸਰੋਤ ਹਨ, ਜਿਨ੍ਹਾਂ ਨੇ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਅਦੁੱਤੀ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦੀ ਯਾਦ ਵਿੱਚ ਕਰਵਾਇਆ ਗਿਆ ਇਹ ਸਮਾਗਮ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਅਤੇ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਮਹੱਤਵਪੂਰਨ ਉਪਰਾਲਾ ਹੈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਏ.ਆਈ. ਦੇ ਸਹਾਰੇ ਸਿੱਖਿਆ: ਸਿੱਖਣ ਦਾ ਅਹਿਸਾਸ ਜਾਂ ਸਿਰਫ਼ ਕਾਰਜ-ਪੂਰਤੀ ?

ਅੱਜ ਦੇ ਦੌਰ ਵਿੱਚ ਜਦੋਂ ਅਸੀਂ ਆਪਣਾ ਲੈਪਟਾਪ ਖੋਲ੍ਹਦੇ ਹਾਂ, ਤਾਂ ਕੁਝ ਹੀ ਸ਼ਬਦ ਲਿਖਣ ਤੋਂ ਬਾਅਦ ਏ. ਆਈ. ਵਰਗੇ ਸਾਧਨ ਸਾਨੂੰ ਇੱਕ ਬਹੁਤ ਹੀ ਸੁਚੱਜੀ ਅਤੇ ਸਪਸ਼ਟ ਰਚਨਾ ਤਿਆਰ ਕਰਕੇ ਦੇ ਦਿੰਦੇ ਹਨ। ਇਹ ਸਭ ਕੁਝ ਇੰਨੀ ਤੇਜ਼ੀ ਅਤੇ ਸੌਖ ਨਾਲ ਹੁੰਦਾ ਹੈ ਕਿ ਸਾਨੂੰ ਇੱਕ ਸਕੂਨ ਮਿਲਦਾ ਹੈ। ਪਰ ਉਸ @ਸਬਮਿਟ@ ਬਟਨ ਨੂੰ ਦਬਾਉਣ ਤੋਂ ਪਹਿਲਾਂ ਕੀ ਸਾਡੇ ਮਨ ਵਿੱਚ ਕਦੇ ਇਹ ਸਵਾਲ ਉੱਠਦਾ ਹੈ ਕਿ ਕੀ ਇਹ ਮੇਰੀ ਆਪਣੀ ਸੋਚ ਹੈ, ਜਾਂ ਮੈਂ ਸਿਰਫ਼ ਇੱਕ ਮਸ਼ੀਨੀ ਜਵਾਬ ਨੂੰ ਸਵੀਕਾਰ ਕਰ ਲਿਆ ਹੈ ?

ਅਸੀਂ ਇੱਥੇ ਸਿਰਫ਼ ਤਕਨਾਲੋਜੀ ਦੀ ਵਰਤੋਂ ਦੀ ਗੱਲ ਨਹੀਂ ਕਰ ਰਹੇ, ਸਗੋਂ ਉਸ ਡੂੰਘੇ ਬਦਲਾਅ ਦੀ ਗੱਲ ਕਰ ਰਹੇ ਹਾਂ ਜੋ ਸਾਨੂੰ ਹੌਲੀ ਹੌਲੀ ਚਿੰਤਨ ਤੋਂ ਨਿਰਭਰਤਾ@ ਵੱਲ ਲੈ ਜਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਜਿਵੇਂ ਹੀ ਸਾਡੇ ਸਾਹਮਣੇ ਕੋਈ ਮੁਸ਼ਕਲ ਆਉਂਦੀ ਹੈ, ਅਸੀਂ ਉਸ ਉਲਝਣ ਨਾਲ ਬੈਠ ਕੇ ਉਸ ਨੂੰ ਸੁਲਝਾਉਣ ਦੀ ਬਜਾਏ, ਤੁਰੰਤ ਉਸ ਤੋਂ ਖਹਿੜਾ ਛੁਡਾਉਣ ਦਾ ਰਾਹ ਲੱਭਦੇ ਹਾਂ।

ਇਹ ਰੁਝਾਨ ਅੱਜਕੱਲ੍ਹ ਦੇ ਤਿਆਰ-ਬਰ-ਤਿਆਰ ਨੋਟਸ ਦੇ ਸੱਭਿਆਚਾਰ ਵਿੱਚ ਸਾਫ਼ ਨਜ਼ਰ ਆਉਂਦਾ ਹੈ। ਕੁਝ ਹੀ ਸਕਿੰਟਾਂ ਵਿੱਚ ਏ.ਆਈ. ਸਾਨੂੰ ਉੱਤਰ ਤਿਆਰ ਕਰਕੇ ਦੇ ਦਿੰਦਾ ਹੈ, ਜਿਸ ਨੂੰ ਵਿਦਿਆਰਥੀ ਪੇਪਰਾਂ ਜਾਂ ਪ੍ਰੈਜ਼ੈਂਟੇਸ਼ਨ ਤੋਂ ਕੁਝ ਮਿੰਟ ਪਹਿਲਾਂ ਪੜ੍ਹ ਲੈਂਦੇ ਹਨ। ਇਹ ਸਭ ਬਹੁਤ ਪ੍ਰਭਾਵਸ਼ਾਲੀ ਲੱਗਦਾ ਹੈ, ਪਰ ਕੁਝ ਹੀ ਘੰਟਿਆਂ ਬਾਅਦ ਉਹ ਸਾਰੀ ਜਾਣਕਾਰੀ ਸਾਡੇ ਦਿਮਾਗ ਵਿੱਚੋਂ ਮਨਫ਼ੀ ਹੋ ਜਾਂਦੀ ਹੈ। ਕੁਝ ਵੀ ਸਥਾਈ ਨਹੀਂ ਰਹਿੰਦਾ, ਕੁਝ ਵੀ ਸਾਡੀ ਰੂਹ ਵਿੱਚ ਨਹੀਂ ਉਤਰਦਾ।



ਜੇਕਰ ਅਸੀਂ ਇਸ ਦੀ ਤੁਲਨਾ ਪੁਰਾਣੇ ਸਿੱਖਣ ਦੇ ਤਰੀਕਿਆਂ ਨਾਲ ਕਰੀਏ ਜਿੱਥੇ ਅਸੀਂ ਪੰਨੇ ਪਲਟਦੇ ਸੀ, ਲਾਈਨਾਂ ਨੂੰ ਅੰਡਰਲਾਈਨ ਕਰਦੇ ਸੀ ਅਤੇ ਕਿਸੇ ਸੰਕਲਪ ਨੂੰ ਸਮਝਣ ਲਈ ਜੱਦੋ-ਜਹਿਦ ਕਰਦੇ ਸੀ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਉਹ ਪ੍ਰਕਿਰਿਆ ਸਿਰਫ਼ ਇਮਤਿਹਾਨ ਪਾਸ ਕਰਨ ਲਈ ਨਹੀਂ ਸੀ, ਸਗੋਂ ਉਹ ਸਾਡੀ ਸੋਚਣ ਸ਼ਕਤੀ ਨੂੰ ਘੜ ਰਹੀ ਸੀ। ਅੱਜ ਅਸੀਂ ਰਫ਼ਤਾਰ ਦੇ ਨਾਮ @ਤੇ ਡੂੰਘਾਈ ਨੂੰ ਅਤੇ ਸਹੂਲਤ ਦੇ ਨਾਮ @ਤੇ ਸਮਝ ਨੂੰ ਗੁਆ ਰਹੇ ਹਾਂ।

ਅਸੀਂ ਕੁਸ਼ਲ ਤਾਂ ਬਣ ਰਹੇ ਹਾਂ. ਪਰ ਵਿਚਾਰਵਾਨ ਨਹੀਂ। ਅਸੀਂ ਕੰਮ ਤਾਂ ਤੇਜ਼ੀ ਨਾਲ ਨਿਬੇੜ ਰਹੇ ਹਾਂ, ਪਰ ਕੀ ਅਸੀਂ ਸੱਚਮੁੱਚ ਸਿੱਖ ਰਹੇ ਹਾਂ ਜਾਂ ਸਿਰਫ਼ ਤੇਜ਼ੀ ਨਾਲ ਜਵਾਬ ਲੱਭਣ ਦੀ ਮੁਹਾਰਤ ਹਾਸਲ ਕਰ ਰਹੇ ਹਾਂ ?

ਜ਼ਰਾ ਸੋਚੋ-ਜੇਕਰ ਅਸੀਂ ਦਿਨ ਵਿੱਚ ਕੁਝ ਘੰਟੇ ਬਿਨਾਂ ਏ.ਆਈ. ਦੇ ਕੰਮ ਕਰਨ ਦਾ ਫੈਸਲਾ ਕਰੀਏ ? ਜੇਕਰ ਅਸੀਂ ਆਪਣੀਆਂ ਉਲਝਣਾਂ ਨਾਲ ਖੁਦ ਦੋ-ਹੱਥ ਹੋਈਏ, ਜ਼ਿਆਦਾ ਪੜ੍ਹੀਏ ਅਤੇ ਖੁਦ ਲਿਖੀਏ ? ਇਹ ਛੋਟੀ ਜਿਹੀ ਤਬਦੀਲੀ ਸਾਨੂੰ ਆਪਣੇ ਮੌਲਿਕ ਵਿਚਾਰ ਪੈਦਾ ਕਰਨ ਦੇ ਸਮਰੱਥ ਬਣਾ ਸਕਦੀ ਹੈ। ਅਸਲ ਰਚਨਾਤਮਕਤਾ ਸਹੂਲਤਾਂ ਵਿੱਚੋਂ ਨਹੀਂ, ਸਗੋਂ ਡੂੰਘੇ ਚਿੰਤਨ ਵਿੱਚੋਂ ਪੈਦਾ ਹੁੰਦੀ ਹੈ।

ਅੱਜ ਦੇ ਵਾਇਰਲ ਕੰਟੈਂਟ ਅਤੇ ਭੇਡ-ਚਾਲ ਵਾਲੇ ਦੌਰ ਵਿੱਚ, ਅਸਲੀਅਤ ਉਸ ਚੀਜ਼ ਨੂੰ ਦੁਹਰਾਉਣ ਵਿੱਚ ਨਹੀਂ ਹੈ ਜੋ ਦੁਨੀਆ ਪਹਿਲਾਂ ਹੀ ਕਹਿ ਰਹੀ ਹੈ। ਅਸਲੀਅਤ ਉਸ ਵਿਚਾਰ ਨੂੰ ਪੇਸ਼ ਕਰਨ ਵਿੱਚ ਹੈ ਜੋ ਸਿਰਫ਼ ਤੁਹਾਡਾ ਆਪਣਾ ਹੈ। ਜਦੋਂ ਅਸੀਂ ਉਧਾਰ ਲਏ ਹੋਏ ਜਵਾਬਾਂ @ਤੇ ਨਿਰਭਰ ਹੋ ਜਾਂਦੇ ਹਾਂ, ਤਾਂ ਅਸੀਂ ਸਿਰਫ਼ ਆਪਣੀ ਮਿਹਨਤ ਹੀ ਨਹੀਂ, ਸਗੋਂ ਆਪਣੀ ਆਵਾਜ਼ ਵੀ ਗੁਆ ਬੈਠਦੇ ਹਾਂ। ਸਾਡੀ ਲਿਖਤ ਵਿੱਚ ਸਾਡੇ ਅਨੁਭਵ, ਜਜ਼ਬਾਤ ਅਤੇ ਸਾਡੀ ਨਿੱਜੀ ਪਛਾਣ ਹੋਣੀ ਚਾਹੀਦੀ ਹੈ, ਜੋ ਮਸ਼ੀਨੀ ਸ਼ਬਦਾਂ ਵਿੱਚ ਕਦੇ ਨਹੀਂ ਮਿਲੀ।

ਸਾਨੂੰ ਤਕਨਾਲੋਜੀ ਨੂੰ ਤਿਆਗਣ ਦੀ ਲੋੜ ਨਹੀਂ, ਸਗੋਂ ਸੰਤੁਲਨ ਬਣਾਉਣ ਦੀ ਲੋੜ ਹੈ। ਏ. ਆਈ. ਨੂੰ ਇੱਕ ਗਾਈਡ ਵਜੋਂ ਵਰਤੋ, ਨਾ ਕਿ ਆਪਣੀ ਸੋਚ ਦੇ ਬਦਲ ਵਜੋਂ। ਜ਼ਰੂਰਤ ਅਜਿਹੀ ਸਿੱਖਿਆ ਦੀ ਹੈ ਜੋ ਸਿਰਫ਼ ਜਵਾਬ ਲਿਖਣਾ ਨਹੀਂ, ਸਗੋਂ ਸਵਾਲ ਪੈਦਾ ਕਰਨਾ ਸਿਖਾਵੇ ਅਤੇ ਰਫ਼ਤਾਰ ਨਾਲੋਂ ਜ਼ਿਆਦਾ ਵਿਚਾਰਾਂ ਦੀ ਡੂੰਘਾਈ ਨੂੰ ਤਰਜੀਹ ਦੇਵੇ। ਅੰਤ ਵਿੱਚ, ਇਹ ਲੜਾਈ ਸਿਰਫ਼ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖਿਲਾਫ਼ ਨਹੀਂ ਹੈ, ਸਗੋਂ ਇਹ ਮਨੁੱਖੀ ਬੁੱਧੀ, ਰਚਨਾਤਮਕਤਾ ਅਤੇ ਪਛਾਣ ਨੂੰ ਬਚਾਉਣ ਦੀ ਲੜਾਈ ਹੈ। ਅਸਲ ਸਵਾਲ ਇਹ ਨਹੀਂ ਕਿ ਅਸੀਂ ਕਿੰਨੀ ਤੇਜ਼ੀ ਨਾਲ ਜਵਾਬ ਲੱਭ ਸਕਦੇ ਹਾਂ, ਸਗੋਂ ਇਹ ਹੈ ਕਿ ਕੀ ਸਾਡੇ ਅੰਦਰ ਅਜੇ ਵੀ ਆਪਣੇ ਜਵਾਬ ਖੁਦ ਤਲਾਸ਼ਣ ਦਾ ਸਬਰ ਬਾਕੀ ਹੈ ? ਸਹੂਲਤ ਸਾਨੂੰ ਸਿਰਫ਼ ਜਵਾਬ ਦੇ ਸਕਦੀ ਹੈ, ਪਰ ਚਿੰਤਨ ਸਾਨੂੰ ਸਾਡੀ ਪਛਾਣ ਦਿੰਦਾ ਹੈ।

# ਲੋਕ ਸਭਾ ਸਪੀਕਰ ਨੇ ਡਾ. ਨੀਲਮ ਸੰਜੀਵ ਰੈਡੀ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ

ਨਵੀਂ ਦਿੱਲੀ, 19 ਮਈ (ਅੰਮ੍ਰਿਤਪਾਲ ਸਿੰਘ): ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਸੰਵਿਧਾਨ ਸਦਨ ਦੇ ਸੈਂਟਰਲ ਹਾਲ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਲੋਕ ਸਭਾ ਦੇ ਸਾਬਕਾ ਸਪੀਕਰ ਡਾ. ਨੀਲਮ ਸੰਜੀਵ ਰੈਡੀ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੰਸਦ ਮੈਂਬਰਾਂ, ਸਾਬਕਾ ਸੰਸਦ ਮੈਂਬਰਾਂ ਅਤੇ ਹੋਰ ਪਤਵੰਤਿਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਲੋਕ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਉਤਪਲ ਕੁਮਾਰ ਸਿੰਘ ਅਤੇ ਰਾਜ ਸਭਾ ਦੇ ਸਕੱਤਰ ਜਨਰਲ ਸ਼੍ਰੀ ਪੀ.ਸੀ. ਮੋਦੀ ਨੇ ਵੀ ਡਾ. ਰੈਡੀ ਨੂੰ ਸ਼ਰਧਾਂਜਲੀ ਭੇਟ ਕੀਤੀ। ਲੋਕ ਸਭਾ ਸਕੱਤਰੇਤ ਦੁਆਰਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਡਾ. ਨੀਲਮ ਸੰਜੀਵ ਰੈਡੀ ਦੀ ਪ੍ਰੋਫਾਈਲ ਵਾਲੀ ਇੱਕ ਕਿਤਾਬਚਾ, ਪਤਵੰਤਿਆਂ ਨੂੰ ਭੇਟ ਕੀਤਾ ਗਿਆ।



## ਜਨਮ ਦਿਨ ਮੁਬਾਰਕ



ਗੁਰਬਾਜ਼ ਸਿੰਘ

# ਸਮੁਦਾਇਕ ਸਿਹਤ ਕੇਂਦਰ ਵਿਖੇ 'ਵਿਸ਼ਵ ਹਾਈਪਰਟੈਂਸ਼ਨ ਦਿਵਸ' ਮਨਾਇਆ



ਬਾਜਾਖਾਨਾ, 19 ਮਈ (ਅਵਤਾਰ ਸਿੰਘ ਮੱਲਾ) :ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਨਵਪ੍ਰੀਤ ਗਰੇਵਾਲ ਦੀ ਯੋਗ ਅਗਵਾਈ ਹੇਠ ਵਿਸ਼ਵ ਹਾਈਪਰਟੈਂਸ਼ਨ ਦਿਵਸ ਨੂੰ ਸਮਰਪਿਤ ਜਾਗਰੂਕਤਾ ਕੈਂਪ ਦਾ ਆਯੋਜਨ ਸਮੁਦਾਇਕ ਸਿਹਤ ਕੇਂਦਰ ਬਾਜਾਖਾਨਾ ਵਿਖੇ ਕੀਤਾ ਗਿਆ ਹੈ। ਡਾ. ਨਵਪ੍ਰੀਤ ਗਰੇਵਾਲ ਨੇ ਦੱਸਿਆ ਕਿ ਆਪਣੇ ਬਲੱਡ ਪ੍ਰੈਸ਼ਰ ਨੂੰ ਜਾਨਣਾ ਅਤੇ ਕੰਟਰੋਲ 'ਚ ਰੱਖਣਾ ਬਹੁਤ ਜਰੂਰੀ ਹੈ। ਉਨਾਂ ਕਿਹਾ ਕਿ ਜਿਆਦਾ ਬਲੱਡ ਪ੍ਰੈਸ਼ਰ ਸਿਹਤ ਲਈ ਖਤਰਨਾਕ ਸਾਬਤ ਹੋ ਸਕਦਾ ਹੈ ਇਸਦੀ ਵਜ੍ਹਾ ਨਾਲ ਗੁਰਦਿਆਂ ਦੀ ਬਿਮਾਰੀ, ਅੱਖਾਂ ਦੀ ਰੌਸ਼ਨੀ ਦਾ ਘੱਟ ਹੋਣਾ, ਚੁੱਪ ਚਪੀਤੇ ਦਿਲ ਦਾ ਦੌਰਾ ਅਤੇ ਅਧਰੰਗ ਦਾ ਦੌਰਾ ਵੀ ਪੈ ਸਕਦਾ ਹੈ। ਇਸ ਤੋਂ ਬਚਾਅ ਲਈ ਸਰੀਰਕ ਭਾਰ ਨੂੰ ਕਾਬੂ ਹੇਠ ਰੱਖੋ, ਨਮਕ ਅਤੇ ਚੀਨੀ/ ਸ਼ੱਕਰ ਦੀ ਵਰਤੋਂ ਘੱਟ, ਤਲੀਆਂ ਚੀਜ਼ਾਂ ਅਤੇ ਬਜਾਰੀ ਖਾਣੇ( ਫਾਸਟ ਫੂਡ ਆਦਿ ਤੋਂ ਪ੍ਰਹੇਜ, ਸਿਗਰਟ ਨੋਸ਼ੀ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਦਵਾਈ ਆਪਣੀ ਮਰਜੀ ਨਾਲ ਨਹੀਂ ਛੱਡਣੀ ਚਾਹੀਦੀ ਅਤੇ ਨਾ ਹੀ ਨਾਗਾ ਪਾਉਣਾ ਚਾਹੀਦਾ ਹੈ। ਬਲੱਡ ਪ੍ਰੈਸ਼ਰ ਸਬੰਧੀ ਡਾਕਟਰੀ ਸਲਾਹ ਅਤੇ ਇਲਾਜ ਸਬੰਧੀ ਅਣਗਹਿਲੀ ਨਾ ਵਰਤੋ। ਉਨ੍ਹਾਂ ਜਾਣਕਾਰੀ ਦਿੱਤੀ ਕਿ ਆਪਣੇ ਰੋਜਾਨਾ ਦੇ ਜੀਵਨ ਵਿੱਚ ਹਰ ਰੋਜ 30 ਤੋਂ 40 ਮਿੰਟ ਸੈਰ/ਕਸਰਤ, ਵਾਹਨ ਜਿਵੇਂ ਕਿ ਸਕੂਟਰ ਅਤੇ ਕਾਰ ਆਦਿ ਦੀ ਵਰਤੋਂ ਘਟਾਕੇ ਨੇੜੇ ਆਉਣ ਜਾਣ ਲਈ ਪੈਦਲ ਜਾਂ ਸਾਈਕਲ ਦੀ ਵਰਤੋਂ ਕਰੋ, ਲਿਫਟ ਦੀ ਬਜਾਏ ਪੌੜੀਆਂ ਦੀ ਵਰਤੋਂ ਜਿਆਦਾ ਕਰੋ। ਯੋਗਾ ਕਰਕੇ ਮਾਨਸਿਕ ਤਣਾਅ ਨੂੰ ਘੱਟ ਕੀਤਾ ਜਾ ਸਕਦਾ ਹੈ, ਹਰੀਆਂ ਸਬਜੀਆਂ, ਮੌਸਮੀ ਫਲਾਂ ਅਤੇ ਸਲਾਦ ਦੀ ਵਰਤੋਂ ਕਰੋ। ਬਲੱਡ ਪ੍ਰੈਸ਼ਰ ਦੀ ਨਿਯਮਿਤ ਜਾਂਚ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਤੋਂ ਮੁਫਤ ਕਰਵਾਉ। ਬੀ ਈ ਈ ਸੁਰਿੰਦਰ ਕੌਰ ਅਤੇ ਫਲੈਗ ਚਾਵਲਾ ਨੇ ਦੱਸਿਆ ਕਿ ਕਵੇਲੇ ਸੌਣਾ ਅਤੇ ਜਾਗਣਾ, ਖਾਣ-ਪੀਣ ਦੀਆਂ ਗਲਤ ਆਦਤਾਂ ਅਤੇ ਸਰੀਰਕ ਗਤੀਵਿਧੀਆਂ ਨਾ ਹੋਣਾ ਬਲੱਡ ਪ੍ਰੈਸ਼ਰ ਦੀ ਬਿਮਾਰੀ ਨੂੰ ਸੱਦਾ ਦੇਣਾ ਹੈ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਅਚਾਨਕ ਸਿਰ ਦਰਦ, ਚੱਕਰ ਆਉਣ ਜਾਂ ਧੜਕਣ ਤੇਜ ਹੋਵੇ ਤਾਂ ਤੁਰੰਤ ਡਾਕਟਰੀ ਜਾਂਚ ਕਰਵਾਉਣੀ ਚਾਹੀਦੀ ਹੈ ਇਹ ਬਲੱਡ ਪ੍ਰੈਸ਼ਰ ਦੇ ਲੱਛਣ ਹੋ ਸਕਦੇ ਹਨ। ਬਲੱਡ ਪ੍ਰੈਸ਼ਰ ਜੀਵਨਸ਼ੈਲੀ ਨਾਲ ਜੁੜੀ ਸਮੱਸਿਆ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਠੀਕ ਮਹਿਸੂਸ ਕਰਨ ਵਾਲੇ ਵਿਅਕਤੀ ਦਾ ਵੀ ਬਲੱਡ ਪ੍ਰੈਸ਼ਰ ਵੱਧ ਹੁੰਦਾ ਹੈ। ਉਹਨਾਂ ਦੱਸਿਆ ਕਿ ਗੈਰ ਸੰਚਾਰੀ ਰੋਗ ਪ੍ਰੋਗਰਾਮ ਅਧੀਨ ਪਿੰਡਾਂ ਵਿੱਚ ਹੈਲਥ ਐਂਡ ਵੈਲਨੈੱਸ ਸੈਂਟਰਾਂ ਵਿੱਚ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਮੁਫਤ ਜਾਂਚ ਅਤੇ ਇਲਾਜ ਕੀਤਾ ਜਾਂਦਾ ਹੈ। ਸਿਹਤ ਸਬੰਧੀ ਜਾਣਕਾਰੀ ਅਤੇ ਸੁਝਾਅ ਲਈ ਟੋਲ ਫਰੀ ਨੰਬਰ 104 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਮੂਹ ਸਿਹਤ ਸੁਪਰਵਾਇਜਰ, ਸਿਹਤ ਵਿਭਾਗ ਦੇ ਅਧਿਕਾਰੀ, ਕਰਮਚਾਰੀ ਤੇ ਆਸ਼ਾ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਨੇ ਮਹੀਨਾ ਵਾਰ ਪੈਨਸ਼ਨ ਦੇ ਚੈੱਕ ਲੋੜਵੰਦਾਂ ਨੂੰ ਵੰਡੇ : ਸਿੱਧੂ



ਬਰਨਾਲਾ, 19 ਮਈ ( ਹਮੀਰ ਸਿੰਘ) : ਸਥਾਨਕ ਗੁਰੂ ਘਰ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਵਿੱਖੇ 100 ਦੇ ਕਰੀਬ ਅਪਹਾਜਾ ਅਤੇ ਮੈਡੀਕਲ ਮੱਦਦ ਦੇ ਚੈੱਕ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦਾ ਨੂੰ ਵਿਤਰਨ ਕੀਤੇ ਗਏ ਇਹ ਜਾਣਕਾਰੀ ਜਿਲ੍ਹਾ ਪ੍ਰਧਾਨ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰੈਸ ਨੋਟ ਜਾਰੀ ਕਰਕੇ ਦੱਸਿਆ ਸੰਸਥਾ ਵੱਲੋ ਸ੍ਰੀ ਆਨੰਦਪੁਰ ਸਾਹਿਬ ਵਿੱਖੇ ਇਕ ਵੱਡੀ ਯੂਨੀਵਰਸਿਟੀ ਦਾ ਨਿਰਮਾਣ ਕੀਤਾ ਗਿਆ ਹੈ ਜਿੱਥੇ ਨੌਜਵਾਨਾਂ ਨੂੰ ਬਹੁਤ ਮਿਆਰੀ ਵਿਦਿਆ ਬਹੁਤ ਹੀ ਵਾਜ਼ਬ ਫੀਸਾਂ ਤੇ ਦਿੱਤੀ ਜਾਵੇਗੀ ਇਹ ਸਾਡੇ ਚੇਅਰਮੈਨ ਡਾਕਟਰ ਐਸ ਪੀ ਸਿੰਘ ਓਬਰਾਏ ਦਾ ਸੁਪਨਾ ਸੀ ਕਿ ਮੇਰੇ ਸੋਹਣੇ ਪੰਜਾਬ ਦੇ ਨੌਜਵਾਨ ਬੱਚੇ ਚੰਗੀ ਉੱਚ ਵਿਦਿਆ ਹਾਸਲ ਕਰਕੇ ਕਾਮਯਾਬ ਮਨੁੱਖ ਬਣਨ ਅਤੇ ਟਰੱਸਟ ਵੱਲੋ ਫੈਸਲਾ ਲਿਆ ਗਿਆ ਹੈ ਕਿ ਪੜਾਈ ਸਿਹਤ ਦੇ ਖੇਤਰ ਵਿੱਚ ਜਿਆਦਾ ਧਿਆਨ ਦਿੱਤਾ ਜਾਵੇਗਾ ਅਪਹਾਜਾ ਨੂੰ ਜਿਹੜੇ ਅਤਿ ਗਰੀਬ ਹਨ ਅਤੇ 70 ਪ੍ਰਤੀਸ਼ਤ ਤੋਂ ਵੱਧ ਅਪਹਾਜ ਹਨ ਨੂੰ ਹੀ ਮਹੀਨਾ ਵਾਰ ਪੈਨਸ਼ਨ ਦਿੱਤੀ ਜਾਵੇਗੀ।ਇਸ ਮੌਕੇ ਸੂਬੇਦਾਰ ਗੁਰਜੰਟ ਸਿੰਘ ਕੁਲਵਿੰਦਰ ਸਿੰਘ ਕਾਲਾ ਗੁਰਜੰਟ ਸਿੰਘ ਸੋਨਾ ਜਥੇਦਾਰ ਸੁਖਦਰਸ਼ਨ ਸਿੰਘ ਗੁਰਮੀਤ ਸਿੰਘ ਧੌਲਾ ਸਰਪੰਚ ਰਾਜਿੰਦਰ ਪ੍ਰਸਾਦ ਹੌਲਦਾਰ ਬਸੰਤ ਸਿੰਘ ਉੱਗੋਕੇ ਗੁਰਦੇਵ ਸਿੰਘ ਮੱਕੜ ਹਾਜ਼ਰ ਸਨ।

# ਪੀ.ਏ.ਯੂ. ਵੱਲੋਂ ਕਿਸਾਨ ਜਾਗਰੂਕਤਾ ਕੈਂਪ ਦੌਰਾਨ ਘੱਟ ਸਮੇਂ ਵਾਲੀਆਂ ਝੋਨੇ ਦੀਆਂ ਕਿਸਮਾਂ ਅਪਣਾਉਣ ਦੀ ਅਪੀਲ

ਬਰਨਾਲਾ, 19 ਮਈ (ਬਘੇਲ ਸਿੰਘ ਧਾਲੀਵਾਲ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਵੱਲੋਂ ਕਿਸਾਨਾਂ ਨੂੰ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕ ਕਰਨ ਲਈ ਪਿੰਡ ਰਾਇਸਰ ਦੀ ਪਬਲਿਕ ਲਾਈਬ੍ਰੇਰੀ ਵਿੱਚ ਬੀਤੇ ਦਿਨ ਜਾਗਰੂਕਤਾ ਕੈਂਪ ਲਾਇਆ ਗਿਆ। ਜਿਸ ਵਿੱਚ ਸੈਕਟਰੀ ਸ. ਹਰਪ੍ਰੀਤ ਸਿੰਘ, ਸੋਸਾਇਟੀ ਮੈਂਬਰ ਅਤੇ ਕਾਫ਼ੀ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਡਾ. ਅਮਨਦੀਪ ਕੌਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ (ਪੀ ਆਰ 133, ਪੀ ਆਰ 132, ਪੀ ਆਰ 131, ਪੀ ਆਰ 128, ਪੀ ਆਰ 126 ਅਤੇ ਬਾਸਮਤੀ 1509) ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ। ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਦੀ ਫ਼ਸਲ ਵਿੱਚ ਬੀਜ ਦੀ ਸੋਧ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕਿਸਾਨਾਂ ਨੂੰ ਮਿੱਟੀ ਪਰਖ ਕਰਾਉਣ ਲਈ ਨਮੂਨਾ ਲੈਣ ਦੇ ਢੰਗ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ ਅਤੇ ਰਸਾਇਣਕ ਖਾਦਾਂ ਦੀ ਸੁਚੱਜੀ ਅਤੇ ਸੰਤੁਲਿਤ ਵਰਤੋਂ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਖਾਦਾਂ ਦੀ ਲੋੜ ਅਨੁਸਾਰ ਅਤੇ ਮਿੱਟੀ ਦੀ ਜਾਂਚ ਦੇ ਅਧਾਰ 'ਤੇ ਵਰਤੋਂ ਕਰਨ ਨਾਲ ਖਰਚੇ ਘਟਦੇ ਹਨ ਅਤੇ ਮਿੱਟੀ ਦੀ ਸਿਹਤ ਵੀ ਬਿਹਤਰ ਰਹਿੰਦੀ ਹੈ। ਇਸ ਤੋਂ ਇਲਾਵਾ ਪਿੰਡ ਘੁਨੰਸ ਵਿਖੇ ਮੱਕੀ ਦੀ ਫ਼ਸਲ ਵਾਲੇ ਖੇਤਾਂ ਦਾ ਨਿਰੀਖਣ ਕੀਤਾ ਗਿਆ।

# ਮੁਕਤਸਰ ਪੁਲਿਸ ਦੇ ਏ.ਐਸ.ਆਈ., ਸੇਵਾ ਮੁਕਤ ਹੋਮਗਾਰਡ ਅਤੇ ਆਰਕੈਸਟਰਾ ਸੰਚਾਲਕ 'ਤੇ ਲੜਕੀ ਨਾਲ ਛੇੜਛਾੜ ਅਤੇ ਸਰੀਰਕ ਸ਼ੋਸ਼ਣ ਦੀ ਕੋਸ਼ਿਸ਼ ਦੇ ਦੋਸ਼

ਮਲੋਟ, 19 ਮਈ (ਅਮਨਦੀਪ ਸਿੰਘ ਮਹਿਰਾ) : ਜਦੋਂ ਲੋਕਾਂ ਦੀ ਰਾਖੀ ਕਰਨ ਵਾਲੀ ਪੁਲਿਸ, ਖ਼ਾਸ ਕਰਕੇ ਔਰਤਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਹੀ ਕਿਸੇ ਮਹਿਲਾ ਦੀ ਇੱਜ਼ਤ 'ਤੇ ਹੱਥ ਪਾਉਣ ਲੱਗ ਜਾਣ ਤਾਂ ਫਿਰ ਇਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਰਕਸ਼ਕ ਹੀ ਭੱਖਸ਼ਕ ਬਣ ਜਾਣ। ਅਜਿਹਾ ਹੀ ਇੱਕ ਸ਼ਰਮਨਾਕ ਮਾਮਲਾ ਜ਼ਿਲ੍ਹਾ ਮੁਕਤਸਰ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਆਰਕੈਸਟਰਾ ਵਿੱਚ ਕੰਮ ਕਰਨ ਵਾਲੀ ਲੜਕੀ ਨੇ ਪੁਲਿਸ ਮੁਲਾਜ਼ਮ ਸਮੇਤ ਤਿੰਨ ਲੋਕਾਂ 'ਤੇ ਸਰੀਰਕ ਸ਼ੋਸ਼ਣ ਕਰਨ ਦੀ ਕੋਸ਼ਿਸ਼ ਅਤੇ ਕੁੱਟਮਾਰ ਕਰਨ ਦੇ ਗੰਭੀਰ ਦੋਸ਼ ਲਗਾਏ ਹਨ।

ਮਾਮਲੇ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਪੀੜਤ ਲੜਕੀ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਆਰਕੈਸਟਰਾ ਸੰਚਾਲਕ ਸੁਰਿੰਦਰ ਕੁਮਾਰ ਨੇ ਉਸਨੂੰ ਕੰਮ ਦਿਵਾਉਣ ਦੇ ਬਹਾਨੇ ਬੁਲਾਇਆ ਸੀ। ਦੋਸ਼ ਹੈ ਕਿ ਉੱਥੇ ਪਹਿਲਾਂ ਤੋਂ ਮੌਜੂਦ ਏਐਸਆਈ ਜਰਨੈਲ ਸਿੰਘ, ਰਿਟਾਇਰਡ ਪੀਐਚਜੀ (ਹੋਮਗਾਰਡ) ਗੁਰਨਾਥ ਅਤੇ ਸੁਰਿੰਦਰ ਕੁਮਾਰ ਨੇ ਉਸ ਨਾਲ ਛੇੜਛਾੜ ਅਤੇ ਸਰੀਰਕ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ।

ਲੜਕੀ ਵੱਲੋਂ ਵਿਰੋਧ ਕਰਨ 'ਤੇ ਤਿੰਨਾਂ ਨੇ ਉਸ ਨਾਲ ਕੁੱਟਮਾਰ ਵੀ ਕੀਤੀ। ਘਟਨਾ ਤੋਂ ਬਾਅਦ ਇਲਾਕੇ ਵਿੱਚ ਚਰਚਾ ਦਾ ਮਾਹੌਲ ਬਣ ਗਿਆ ਹੈ ਅਤੇ ਲੋਕਾਂ ਵੱਲੋਂ ਪੁਲਿਸ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਇਸ ਸਬੰਧੀ ਥਾਣਾ ਕਿੱਲਿਆਂਵਾਲੀ ਦੀ ਇੰਚਾਰਜ ਇੰਸਪੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਆਰਕੈਸਟਰਾ ਸੰਚਾਲਕ ਸੁਰਿੰਦਰ ਕੁਮਾਰ, ਏਐਸਆਈ ਜਰਨੈਲ ਸਿੰਘ ਅਤੇ ਰਿਟਾਇਰਡ ਹੋਮਗਾਰਡ ਜਵਾਨ ਗੁਰਨਾਥ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਜਨਗਣਨਾ ਦੇ ਕੰਮ ਦੌਰਾਨ ਕਿਸੇ ਵੀ ਤਰ੍ਹਾਂ ਦੇ ਦਸਤਾਵੇਜ਼/ਓ.ਟੀ.ਪੀ. ਦੇਣ ਦੀ ਜ਼ਰੂਰਤ ਨਹੀਂ



ਬਰਨਾਲਾ, 19 ਮਈ (ਬਘੇਲ ਸਿੰਘ ਧਾਲੀਵਾਲ) : ਜਨਗਣਨਾ-2027 ਤਹਿਤ ਪਹਿਲੇ ਪੜਾਅ ਹਾਊਸ ਲਿਸਟਿੰਗ ਆਪਰੇਸ਼ਨ ਦਾ ਕੰਮ ਮਿਤੀ 15 ਮਈ ਤੋਂ ਸ਼ੁਰੂ ਹੋ ਚੁੱਕਾ ਹੈ, ਜੋ ਕਿ 13 ਜੂਨ 2026 ਤੱਕ ਚੱਲੇਗਾ। ਡਿਪਟੀ ਕਮਿਸ਼ਨਰ ਬਰਨਾਲਾ ਹਰਪ੍ਰੀਤ ਸਿੰਘ ਆਈ ਏ ਐਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੰਮ ਲਈ ਜ਼ਿਲ੍ਹੇ ਅੰਦਰ 1200 ਤੋਂ ਵੱਧ ਗਿਣਤੀਕਾਰ ਅਤੇ ਸੁਪਰਵਾਈਜ਼ਰ ਤਾਇਨਾਤ ਕੀਤੇ ਗਏ ਹਨ, ਜੋ ਕਿ ਘਰ-ਘਰ ਜਾ ਕੇ ਆਨਲਾਈਨ ਪੋਰਟਲ 'ਤੇ ਡਾਟਾ ਇਕੱਤਰ ਕਰ ਰਹੇ ਹਨ। ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰ ਦੇ ਇਸ ਮਹੱਤਵਪੂਰਨ ਕੰਮ ਵਿੱਚ ਅਧਿਕਾਰੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਇਸ ਤੋਂ ਇਲਾਵਾ ਅਧਿਕਾਰਿਤ ਗਿਣਤੀਕਾਰਾਂ ਨੂੰ ਸਰਕਾਰ ਵੱਲੋਂ ਆਈ.ਡੀ ਕਾਰਡ ਜਾਰੀ ਕੀਤਾ ਗਿਆ ਹੈ, ਜਿਸ 'ਤੇ ਕਿਊ.ਆਰ ਕੋਡ ਦਰਜ ਹੈ। ਉਨ੍ਹਾਂ ਜਨਗਣਨਾ ਦੇ ਕੰਮ ਲਈ ਤਾਇਨਾਤ ਕੀਤੇ ਗਏ ਸਮੂਹ ਅਮਲੇ ਨੂੰ ਨਿਰਧਾਰਤ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ ਅਤੇ ਇਹ ਵੀ ਐਲਾਨ ਕੀਤਾ ਕਿ ਸਭ ਤੋਂ ਪਹਿਲਾਂ ਕੰਮ ਖ਼ਤਮ ਕਰਨ ਵਾਲੇ/ ਬੇਹਤਰੀਨ ਸੇਵਾਵਾਂ ਨਿਭਾਉਣ ਵਾਲੇ ਗਿਣਤੀਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਯੂ.ਕੇ.ਜੀ. ਬੱਚਿਆਂ ਨੂੰ ਸਿਖਾਏ ਸਹੀ ਵਿਵਹਾਰ ਤੇ ਸ਼ਿਸ਼ਟਾਚਾਰ ਦੇ ਪਾਠ




ਬਰਨਾਲਾ, 19 ਮਈ (ਇਸ਼ੇਨ ਕੰਗ) : ਬੀ.ਵੀ.ਐਮ ਇੰਟਰਨੈਸ਼ਨਲ ਸਕੂਲ ਵਿਖੇ ਯੂ.ਕੇ.ਜੀ ਦੇ ਨੰਨੇ ਵਿਦਿਆਰਥੀਆਂ ਲਈ ਸਹੀ ਵਿਵਹਾਰ ਅਤੇ ਸ਼ਿਸ਼ਟਾਚਾਰ ਵਿਸ਼ੇ 'ਤੇ ਦਿਲਚਸਪ ਅਤੇ ਸਿੱਖਿਆਤਮਕ ਗਤੀਵਿਧੀ ਕਰਵਾਈ ਗਈ। ਇਸ ਦੌਰਾਨ ਬੱਚਿਆਂ ਨੂੰ ਭੂਮਿਕਾ ਨਿਭਾਉਣ ਰਾਹੀਂ ਨਿਮਰਤਾ ਨਾਲ ਗੱਲ ਕਰਨਾ, ਲਾਈਨ ਵਿੱਚ ਖੜ੍ਹਾ ਹੋਣਾ, ਬਜ਼ੁਰਗਾਂ ਦਾ ਸਤਿਕਾਰ ਕਰਨਾ ਅਤੇ ਆਪਸੀ ਸਹਿਯੋਗ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਬੱਚਿਆਂ ਨੇ ਉਤਸ਼ਾਹ ਨਾਲ ਗਤੀਵਿਧੀ ਵਿੱਚ ਹਿੱਸਾ ਲੈਂਦਿਆਂ ਚੰਗੇ ਆਚਰਣ ਅਤੇ ਅਨੁਸ਼ਾਸਨ ਦੇ ਪਾਠ ਸਿੱਖੇ। ਸਕੂਲ ਪ੍ਰਬੰਧਨ ਨੇ ਕਿਹਾ ਕਿ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਚੰਗੀਆਂ ਕਦਰਾਂ-ਕੀਮਤਾਂ ਅਤੇ ਵਿਵਹਾਰਕ ਸਿੱਖਿਆ ਵੀ ਬਹੁਤ ਜ਼ਰੂਰੀ ਹੈ। ਪ੍ਰਿੰਸੀਪਲ ਨੇ ਬੱਚਿਆਂ ਨੂੰ ਸਮਝਾਇਆ ਕਿ ਧੰਨਵਾਦ, ਕਿਰਪਾ ਕਰਕੇ ਅਤੇ ਮਾਫ਼ ਕਰਨਾ ਵਰਗੇ ਸ਼ਬਦ ਚੰਗੇ ਇਨਸਾਨ ਬਣਨ ਦੀ ਨੀਂਹ ਹਨ। ਸਕੂਲ ਵੱਲੋਂ ਦੱਸਿਆ ਗਿਆ ਕਿ ਅਜਿਹੀਆਂ ਗਤੀਵਿਧੀਆਂ ਭਵਿੱਖ ਵਿੱਚ ਵੀ ਨਿਯਮਿਤ ਤੌਰ 'ਤੇ ਕਰਵਾਈਆਂ ਜਾਣਗੀਆਂ।

# ਮਾਲਵਾ ਜ਼ੋਨ ਵਿੱਚ ਅੱਜ ਖੁੱਲ੍ਹੇ ਰਹਿਣਗੇ ਸਾਰੇ ਮੈਡੀਕਲ ਸਟੋਰ : ਡਾ. ਜੁਨੇਜਾ

ਮਲੋਟ, 19 ਮਈ (ਅਮਨਦੀਪ ਸਿੰਘ ਮਹਿਰਾ) : 20 ਮਈ ਨੂੰ ਮਾਲਵਾ ਖੇਤਰ ਦੇ ਸਾਰੇ ਥੋਕ ਅਤੇ ਪਰਚੂਨ ਮੈਡੀਕਲ ਸਟੋਰ ਪੂਰੀ ਤਰ੍ਹਾਂ ਖੁੱਲ੍ਹੇ ਰਹਿਣਗੇ ਅਤੇ ਕਥਿਤ ਹੜਤਾਲ ਦਾ ਇੱਥੇ ਨਾਮਾਤਰ ਹੀ ਅਸਰ ਦੇਖਣ ਨੂੰ ਮਿਲੇਗਾ। ਇਹ ਪ੍ਰਗਟਾਵਾ ਪੰਜਾਬ ਕੈਮਿਸਟ ਐਸੋਸੀਏਸ਼ਨ (ਰਜਿ.) ਦੇ ਮਾਲਵਾ ਜ਼ੋਨ ਇੰਚਾਰਜ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਡਾ. ਰਜਿੰਦਰ ਜੁਨੇਜਾ ਨੇ ਫਾਜ਼ਿਲਕਾ ਦੇ ਜਲਾਲਾਬਾਦ, ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਗਿੱਦੜਬਾਹਾ ਸਮੇਤ ਵੱਖ-ਵੱਖ ਇਲਾਕਿਆਂ ਦੇ ਤੂਫ਼ਾਨੀ ਦੌਰੇ ਤੋਂ ਬਾਅਦ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਜੁਨੇਜਾ ਨੇ ਕਿਹਾ ਕਿ ਭਾਵੇਂ ਆਨਲਾਈਨ ਦਵਾਈਆਂ ਦੀ ਵਿਕਰੀ ਦਾ ਵਿਰੋਧ ਜਾਇਜ਼ ਹੈ, ਪਰ ਇਸ ਸਮੇਂ ਛੋਟੇ ਅਤੇ ਦਰਮਿਆਨੇ ਕੈਮਿਸਟਾਂ ਨੂੰ ਹੋਰ ਵੀ ਕਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਮੈਡੀਕਲ ਸਟੋਰ ਸੰਚਾਲਕਾਂ ਨੂੰ ਪੁਲਿਸ ਵੱਲੋਂ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਵਪਾਰੀਆਂ ਵਿੱਚ ਡਰ ਅਤੇ ਅਸੰਤੋਸ਼ ਦਾ ਮਾਹੌਲ ਹੈ। ਇਸ ਤੋਂ ਇਲਾਵਾ ਐਚ-1 (81) ਰਜਿਸਟਰ ਦੀ ਸ਼ਰਤ ਕਾਰਨ ਵੀ ਕੈਮਿਸਟਾਂ ਦੇ ਕੰਮਕਾਜ ਵਿੱਚ ਬੇਲੋੜੀਆਂ ਦਿੱਕਤਾਂ ਪੈਦਾ ਹੋ ਰਹੀਆਂ ਹਨ।

ਡਾ. ਜੁਨੇਜਾ ਨੇ ਕਿਹਾ ਕਿ ਲਾਇਸੈਂਸ ਨਵੀਨੀਕਰਨ ਵਿੱਚ ਹੋ ਰਹੀ ਦੇਰੀ ਕਾਰਨ ਕੈਮਿਸਟ ਭਾਈਚਾਰੇ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਨਗਰ ਨਿਗਮ ਤੇ ਕੌਂਸਲ ਚੋਣਾਂ ਲਈ ਖਰਚਾ ਨਿਗਰਾਨ ਨਿਯੁਕਤ, ਉਮੀਦਵਾਰਾਂ ਦੇ ਖ਼ਰਚੇ 'ਤੇ ਰਹੇਗੀ ਕੜੀ ਨਜ਼ਰ

ਬਰਨਾਲਾ, 19 ਮਈ (ਬਘੇਲ ਸਿੰਘ ਧਾਲੀਵਾਲ) : ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਅਤੇ ਉਮੀਦਵਾਰਾਂ ਦੇ ਖਰਚੇ 'ਤੇ ਨਿਗਰਾਨੀ ਲਈ ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਰਾਜਵਿੰਦਰ ਕੌਰ ਬਾਜਵਾ (ਜੁਆਇੰਟ ਡਾਇਰੈਕਟਰ, ਇਨਵੈਸਟੀਗੇਸ਼ਨ ਬਠਿੰਡਾ) ਨੂੰ ਖਰਚਾ ਨਿਗਰਾਨ ਨਿਯੁਕਤ ਕੀਤਾ ਗਿਆ ਹੈ। ਖਰਚਾ ਨਿਗਰਾਨ ਰਾਜਵਿੰਦਰ ਕੌਰ ਬਾਜਵਾ ਵਲੋਂ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਬਰਨਾਲਾ ਸਹਿਤ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨਾਲ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਨਗਰ ਨਿਗਮ/ ਕੌਂਸਲ ਚੋਣਾਂ ਲਈ ਉਮੀਦਵਾਰਾਂ ਦੇ ਨਿਰਧਾਰਿਤ ਖਰਚੇ ਦੀ ਪੂਰੀ ਨਿਗਰਾਨੀ ਕੀਤੀ ਜਾਵੇ। ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਹਨਾਂ ਚੋਣਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸ਼ਿਕਾਇਤ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਿਕਾਇਤ ਸੈੱਲ ਸਥਾਪਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਵਿਚ ਨਗਰ ਨਿਗਮ ਬਰਨਾਲਾ, ਨਗਰ ਕੌਂਸਲ ਤਪਾ, ਧਨੌਲਾ ਤੇ ਭਦੌੜ ਲਈ ਚੋਣਾਂ ਮਿਤੀ 26 ਮਈ ਦਿਨ ਮੰਗਲਵਾਰ ਨੂੰ ਸਵੇਰੇ 8 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਹੋਣਗੀਆਂ ਅਤੇ ਪੋਲ ਹੋਈਆਂ ਵੋਟਾਂ ਦੀ ਗਿਣਤੀ ਮਿਤੀ 29 ਮਈ ਦਿਨ ਸ਼ੁੱਕਰਵਾਰ ਨੂੰ ਇਸ ਮੰਤਵ ਲਈ ਸਥਾਪਿਤ ਕੀਤੇ ਗਿਣਤੀ ਕੇਂਦਰਾਂ 'ਤੇ ਹੋਵੇਗੀ।

# ਓਮ ਯੋਗ ਕੇਂਦਰ ਬਰਨਾਲਾ ਨੇ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਮਨਾਇਆ ਤੀਸਰਾ ਸਥਾਪਨਾ ਦਿਵਸ




ਬਰਨਾਲਾ, 19 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸ਼ਹੀਦ ਭਗਤ ਸਿੰਘ ਪਾਰਕ ਕੇ ਸੀ ਰੋਡ ਬਰਨਾਲਾ ਵਿਖੇ ਓਮ ਯੋਗ ਕੇਂਦਰ ਬਰਨਾਲਾ ਵੱਲੋਂ ਆਪਣਾ ਤੀਸਰਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਾਰਥਨਾ ਕਰਨ ਉਪਰੰਤ ਯੋਗਾ ਅਚਾਰੀਆ ਜਸਪਾਲ ਸਿੰਘ ਰੋਲੇ ਨੇ ਹਾਜ਼ਰ ਮੈਂਬਰਾਂ ਨੂੰ ਯੋਗਾ ਕਰਵਾਇਆ। ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਕਿ ਓਮ ਯੋਗ ਕੇਂਦਰ ਬਰਨਾਲਾ ਵੱਲੋਂ ਹਰ ਰੋਜ਼ ਯੋਗਾ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯੋਗਾ ਕਰਨ ਦਾ ਜਜ਼ਬਾ ਰੱਖਣ ਵਾਲਾ ਕੋਈ ਵੀ ਵਿਅਕਤੀ ਸਵੇਰੇ 5: 30 ਵਜੇ ਸ਼ਹੀਦ ਭਗਤ ਸਿੰਘ ਪਾਰਕ ਦੇ ਮੰਦਰ ਵਾਲੇ ਬਲਾਕ @ ਚ ਪਹੁੰਚ ਸਕਦਾ ਹੈ। ਅਸੀਂ ਆਪਣੀ ਜਿੰਦਗੀ ਵਧੀਆ ਗੁਜਾਰ ਸਕਦੇ ਹਾਂ। ਯੋਗਾ ਸਰੀਰ ਨੂੰ ਮਜ਼ਬੂਤ ਬਣਾਉਂਦਾ ਅਤੇ ਮਨ ਨੂੰ ਸ਼ਾਂਤ ਕਰਦਾ ਹੈ। ਇਸ ਮੌਕੇ ਖੀਰ ਅਤੇ ਗੋਲਿਆਂ ਦੀ ਰਿਫਰੈਸ਼ਮੈਂਟ ਵਿਤਰਣ ਕੀਤੀ ਗਈ ਅਤੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਗਿਆ। ਅੰਤ ਚ ਸ਼ਾਂਤੀ ਪਾਠ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਇਸ ਦੌਰਾਨ ਰਾਜਨ ਜੁਨੇਜਾ ਨੇ ਪ੍ਰੋਗਰਾਮ ਦੀ ਸਫ਼ਲਤਾ ਲਈ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਓਮ ਯੋਗ ਕੇਂਦਰ ਦੇ ਇੰਚਾਰਜ ਜਸਪਾਲ ਸਿੰਘ ਰੋਲੇ, ਅਮਰਜੀਤ ਸਿੰਘ, ਪੁਸ਼ਪਿੰਦਰ ਕਾਂਸਲ, ਦਰਸ਼ਨ ਸਿੰਘ, ਜਸਪਾਲ ਸਿੰਘ, ਰਾਜਨ ਜੁਨੇਜਾ, ਅਬਦੁਲ ਸੱਤਾਰ, ਹਰਬੰਸ ਲਾਲ, ਗੁਰਮੀਤ ਕੌਰ, ਸੁਨੀਤਾ ਗੋਇਲ, ਮਿਨਾਕਸ਼ੀ ਮਿੱਤਲ, ਸੋਮਾ ਭੰਡਾਰੀ, ਪੂਨਮ ਕਸ਼ਿਅਪ, ਮੈਡਮ ਸੱਤਾਰ, ਸੁਖਵਿੰਦਰ ਕੌਰ, ਸ਼ਰਨਜੀਤ ਕੌਰ, ਸਰਬਜੀਤ ਕੌਰ, ਇੰਦੂ ਗੋਇਲ, ਸਪਨਾ ਜੁਨੇਜਾ, ਮੀਨੂੰ ਗਰਗ, ਇੰਦੂ ਬਾਂਸਲ ਨੇ ਪ੍ਰੋਗਰਾਮ ਚ ਸਰਗਰਮੀ ਨਾਲ ਭਾਗ ਲਿਆ।

# ਸੁਪਰੀਮ ਕੋਰਟ ਦੇ 'ਸਮਾਧਾਨ ਸਮਾਰੋਹ' ਤਹਿਤ ਬਰਨਾਲਾ ਵਿੱਚ ਪ੍ਰੀ-ਲੋਕ ਅਦਾਲਤਾਂ ਸ਼ੁਰੂ

ਬਰਨਾਲਾ, 19 ਮਈ (ਬਘੇਲ ਸਿੰਘ ਧਾਲੀਵਾਲ) : ਮਾਨਯੋਗ ਸੁਪਰੀਮ ਕੋਰਟ ਵੱਲੋਂ 21 ਅਪ੍ਰੈਲ 2026 ਤੋਂ 'ਸਮਾਧਾਨ ਸਮਾਰੋਹ' ਸ਼ੁਰੂ ਕੀਤਾ ਹੈ, ਜਿਸ ਦੇ ਤਹਿਤ 21, 22 ਤੇ 23 ਅਗਸਤ 2026 ਨੂੰ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵਿਚ ਇੱਕ ਵਿਸ਼ੇਸ ਲੋਕ ਅਦਾਲਤ ਲਾਈ ਜਾ ਰਹੀ ਹੈ। ਇਸ ਸਬੰਧ ਵਿਚ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ- ਨਿਰਦੇਸ਼ਾ ਤਹਿਤ ਮਾਨਯੋਗ ਸੁਪਰੀਮ ਕੋਰਟ ਵਿਚ ਪੈਂਡਿੰਗ ਮਾਮਲਿਆਂ ਨੂੰ ਆਪਸੀ ਸਹਿਮਤੀ ਅਤੇ ਸਮਝੌਤੇ ਰਾਹੀਂ ਨਿਪਟਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਨੂੰ ਪ੍ਰੀ-ਲੋਕ ਅਦਾਲਤਾਂ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਜਾਣਕਾਰੀ ਦਿੰਦਿਆ ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਦਨ ਲਾਲ ਨੇ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਮੁੱਖ ਦਫ਼ਤਰ ਐਸ.ਏ.ਐਸ ਨਗਰ ਦੇ ਰਾਹੀਂ ਪ੍ਰਾਪਤ ਹੋਏ ਕੇਸਾਂ ਦੀ ਸੂਚੀ ਦੇ ਆਧਾਰ 'ਤੇ ਸਬੰਧਿਤ ਧਿਰਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਅਥਾਰਟੀ ਵੱਲੋਂ 31 ਮਈ 2026 ਤੱਕ ਲਗਾਤਾਰ ਪ੍ਰੀ-ਲੋਕ ਅਦਾਲਤਾਂ ਲਗਾਈਆਂ ਜਾਣਗੀਆਂ। ਸਕੱਤਰ ਮਦਨ ਲਾਲ ਜੀ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾ ਦੇ ਕੇਸ ਸੁਪਰੀਮ ਕੋਰਟ ਵਿਚ ਪੈਂਡਿੰਗ ਹਨ ਅਤੇ ਜੋ ਬਰਨਾਲਾ ਜ਼ਿਲ੍ਹੇ ਨਾਲ ਸਬੰਧਿਤ ਹਨ, ਉਹ ਪ੍ਰੀ-ਲੋਕ ਅਦਾਲਤਾਂ ਵਿੱਚ ਆਪਣੇ ਕੇਸਾਂ ਦੀ ਸੁਣਵਾਈ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਵਾਈ.ਐਸ. ਪਬਲਿਕ ਸਕੂਲ ਨੇ 'ਬੈਟਲ ਆਫ਼ ਬ੍ਰੇਨਜ਼-ਏ.ਟੀ.ਐਲ. ਐਡੀਸ਼ਨ 1.0' ਕਰਵਾਇਆ



ਬਰਨਾਲਾ, 19 ਮਈ (ਹਮੀਰ ਸਿੰਘ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ਾਮਲ ਵਾਈਐਸ ਪਬਲਿਕ ਸਕੂਲ ਵੱਲੋਂ 'ਬੈਟਲ ਆਫ ਬ੍ਰੇਨਜ਼ - ਏਟੀਐਲ ਐਡੀਸ਼ਨ 1.0' ਦਾ ਸਫਲ ਆਯੋਜਨ ਬੜੇ ਉਤਸ਼ਾਹ ਅਤੇ ਜੋਸ਼ ਨਾਲ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਨਵੀਂ ਸੋਚ, ਰਚਨਾਤਮਕਤਾ, ਟੀਮ ਵਰਕ ਅਤੇ ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕਰਨਾ ਸੀ। ਇਸ ਪ੍ਰੋਗਰਾਮ ਵਿੱਚ ਤੀਜੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਵਾਈਐਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੇ ਨਾਲ ਬਾਹਰੀ ਸਕੂਲਾਂ ਦੇ ਵਿਦਿਆਰਥੀ ਵੀ ਸ਼ਾਮਲ ਸਨ। ਪ੍ਰੋਗਰਾਮ ਦੇ ਮੁੱਖ ਆਕਰਸ਼ਣਾਂ ਵਿੱਚ ਪੇਪਰ ਪਲੇਨ ਚੈਲੇਂਜ, ਵਾਟਰ ਰਾਕੇਟ ਐਕਟਿਵਿਟੀ ਅਤੇ ਰੋਬੋ ਰੇਸ ਸ਼ਾਮਲ ਰਹੇ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੇ ਰਚਨਾਤਮਕ ਅਤੇ ਪ੍ਰਯੋਗਾਤਮਕ ਸਿੱਖਿਆ ਦਾ ਅਨੁਭਵ ਪ੍ਰਾਪਤ ਕੀਤਾ। ਪ੍ਰੋਗਰਾਮ ਵਿੱਚ ਮਾਪਿਆਂ ਨੂੰ ਵੀ ਸੱਦਾ ਦਿੱਤਾ ਗਿਆ, ਜਿਨ੍ਹਾਂ ਨੇ ਬੱਚਿਆਂ ਦਾ ਹੌਸਲਾ ਵਧਾਇਆ। ਜੇਤੂ ਟੀਮਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ, ਜਦਕਿ ਸਾਰੇ ਵਿਦਿਆਰਥੀਆਂ ਨੂੰ ਭਾਗੀਦਾਰੀ ਸਰਟੀਫਿਕੇਟ ਦਿੱਤੇ ਗਏ। ਸਕੂਲ ਦੇ ਪ੍ਰਿੰਸੀਪਲ ਮੋਹਿਤ ਜਿੰਦਲ ਨੇ ਸਾਰੇ ਭਾਗੀਦਾਰਾਂ, ਮਾਪਿਆਂ ਅਤੇ ਆਯੋਜਕਾਂ ਦੀ ਸਰਾਹਨਾ ਕਰਦੇ ਹੋਏ ਕਿਹਾ, 'ਬੈਟਲ ਆਫ ਬ੍ਰੇਨਜ਼ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਨਵੀਨਤਾ, ਟੀਮ ਵਰਕ ਅਤੇ ਪ੍ਰਯੋਗਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਸ਼ਾਨਦਾਰ ਮੰਚ ਹੈ। ਪ੍ਰੋਗਰਾਮ ਦਾ ਅੰਤ ਵਿਦਿਆਰਥੀਆਂ ਲਈ ਯਾਦਗਾਰ ਅਨੁਭਵਾਂ ਅਤੇ ਨਵੀਂ ਸਿੱਖ ਨਾਲ ਸਫਲਤਾਪੂਰਵਕ ਹੋਇਆ। ਵਾਈਐਸ ਪਬਲਿਕ ਸਕੂਲ ਦਾ ਵਿਸ਼ਵਾਸ ਹੈ - 'ਪੜ੍ਹਾਈ ਵੀ, ਹੁਨਰ ਵੀ' ਸਕੂਲ ਵਿੱਚ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਰਚਨਾਤਮਕ ਸਿੱਖਿਆ, ਨਵੀਨਤਾ ਅਤੇ ਸਕਿੱਲ ਡਿਵੈਲਪਮੈਂਟ 'ਤੇ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਭਵਿੱਖ ਲਈ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕੇ।

# ਓਪਨ ਯੂਨੀਵਰਸਿਟੀ ਰਾਹੀਂ ਉੱਚ ਸਿੱਖਿਆ ਬਣੀ ਹਰ ਵਰਗ ਲਈ ਆਸਾਨ : ਭੋਲਾ ਸਿੰਘ ਵਿਰਕ



ਬਰਨਾਲਾ, 19 ਮਈ (ਹਮੀਰ ਸਿੰਘ) : ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਵਿਖੇ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਹੇ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ ਦੇ ਮਾਲਵਾ ਖੇਤਰ ਦੇ ਰੀਜ਼ਨਲ ਸੈਂਟਰ ਦੁਆਰਾ ਵੱਖ ਵੱਖ ਨੌਕਰੀ ਪੇਸ਼ਾ ਵਿਦਿਆਰਥੀਆਂ ਜਾ ਉਚੇਰੀ ਵਿੱਦਿਆ ਹਾਸਿਲ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਜੋ ਉਚੇਰੀ ਸਿੱਖਿਆ ਪ੍ਰਾਪਤੀ ਦੇ ਸੁਪਨੇ ਹਲੇ ਤੱਕ ਪੂਰੇ ਨਹੀ ਕਰ ਸਕੇ ਉਹਨਾਂ ਵਿਦਿਆਰਥੀਆਂ ਨੂੰ ਬਹੁਤ ਹੀ ਬਿਹਤਰੀਨ ਢੰਗ ਨਾਲ ਉਚੇਰੀ ਵਿੱਦਿਆ ਆਨਲਾਈਨ ਮੋਡ ਰਾਹੀਂ ਕਰਵਾਈ ਜਾਂਦੀ ਹੈ। ਜਿਸ ਤਹਿਤ ਵਿਦਿਆਰਥੀ ਨੇ ਸਿਰਫ਼ ਪੇਪਰ ਦੇਣ ਲਈ ਹੀ ਕਾਲਜ ਆਉਣਾ ਹੈ। ਪੜ੍ਹਾਈ ਸਾਰੀ ਆਨਲਾਈਨ ਹੋਵੇਗੀ। ਇਸ ਕੜੀ ਤਹਿਤ ਸ਼ੈਸ਼ਨ 2026-27 ਨੂੰ ਮੁੱਖ ਰਖਦਿਆਂ ਸੰਸਥਾ ਪ੍ਰਧਾਨ ਭੋਲਾ ਸਿੰਘ ਵਿਰਕ ਦੀ ਰਹਿਨੁਮਾਈ ਹੇਠ ਜਗਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਜਿਸ ਵਿੱਚ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਦਾ ਅੱਜ ਦੇ ਸਮੇਂ ਐਜੂਕੇਸ਼ਨ ਵਿੱਚ ਕੀ ਮਹੱਤਵ ਹੈ ਇਸ ਦਾ ਵਿਦਿਆਰਥੀ ਘਰ ਬੈਠੇ ਅਤੇ ਨੌਕਰੀਆਂ ਦੌਰਾਨ ਕਿਵੇਂ ਲਾਹਾ ਲੈ ਸਕਦੇ ਹਨ। ਇਸ ਮੌਕੇ ਸੰਸਥਾ ਪ੍ਰਧਾਨ ਭੋਲਾ ਸਿੰਘ ਵਿਰਕ ਨੇ ਕਿਹਾ ਕਿ ਸਮੇਂ ਦੇ ਨਾਲ ਸਿੱਖਿਆ ਦੇ ਤਰੀਕਿਆਂ ਵਿੱਚ ਵੱਡੇ ਬਦਲਾਅ ਆਏ ਹਨ ਅਤੇ ਆਨਲਾਈਨ ਸਿੱਖਿਆ ਨੇ ਵਿਦਿਆਰਥੀਆਂ ਲਈ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹੇ ਹਨ। ਉਹਨਾਂ ਤੋਂ ਬਾਅਦ ਸੰਸਥਾ ਪ੍ਰਿੰਸੀਪਲ ਡਾ. ਸਰਬਜੀਤ ਸਿੰਘ ਕੁਲਾਰ ਨੇ ਆਪਣੇ ਵਿਚਾਰ ਰੱਖੇ ਅਤੇ ਕਿਹਾ ਕਿ ਇਹ ਯੂਨੀਵਰਸਿਟੀ ਸਿਰਫ ਡਿਗਰੀ ਪ੍ਰਾਪਤ ਕਰਨ ਦਾ ਹੀ ਮਾਧਿਅਮ ਨਹੀਂ ਸਗੋਂ ਵਿਦਿਆਰਥੀਆਂ ਦੇ ਹੁਨਰ ਅਤੇ ਆਤਮ ਵਿਸ਼ਵਾਸ ਨੂੰ ਵੀ ਮਜ਼ਬੂਤ ਬਣਾਉਂਦੀ ਹੈ। ਇਸ ਚਰਚਾ ਵਿੱਚ ਭਾਗ ਲੈਣ ਵਾਲੀਆਂ ਸ਼ਖ਼ਸੀਅਤਾਂ ਵਿਚ ਸ਼ਾਮਿਲ ਸੰਸਥਾ ਪ੍ਰਧਾਨ ਭੋਲਾ ਸਿੰਘ ਵਿਰਕ , ਸੰਸਥਾ ਦੇ ਵਾਈਸ ਪ੍ਰਧਾਨ ਭੋਲਾ ਸਿੰਘ ਗਿੱਲ ਅਤੇ ਪ੍ਰਿੰਸੀਪਲ ਡਾ ਸਰਬਜੀਤ ਸਿੰਘ ਕੁਲਾਰ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਮੈਡਮ ਮਨਦੀਪ ਕੌਰ, ਸਕੂਲ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਜਵੰਧਾ, ਪ੍ਰੋ ਮਿੱਠੂ ਪਾਠਕ ਡਾ ਗੁਰਪ੍ਰੀਤ ਕੌਰ ਰਾਣੂੰ, ਪ੍ਰੋ ਅਮਨਦੀਪ ਕੌਰ, ਡਾ ਨਿਰਪਾਲ ਸਿੰਘ, ਪ੍ਰੋ ਬਲਜੀਤ ਕੌਰ, ਪ੍ਰੋ ਮਨਪ੍ਰੀਤ ਕੌਰ, ਪ੍ਰੋ ਸਵਰਨਜੀਤ ਕੌਰ ਆਦਿ ਸ਼ਖ਼ਸੀਅਤਾਂ ਹਾਜ਼ਰ ਸਨ।

# 264 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇੱਕ ਨੌਜਵਾਨ ਕਾਬੂ



ਭਦੌੜ, 19 ਮਈ (ਸੁਖਵਿੰਦਰ ਪਲਾਹਾ) : ਐਸ.ਐਸ.ਪੀ. ਸਾਹਿਬ ਬਰਨਾਲਾ ਸਰਫਰਾਜ ਆਲਮ ਦੀਆਂ ਸਖਤ ਹਦਾਇਤਾਂ ਤੇ ਨਸਾ ਤਸਕਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਡੀ.ਐਸ.ਪੀ. ਤਪਾ ਜਸਕਰਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਅਤੇ ਥਾਣਾ ਮੁਖੀ ਭਦੌੜ ਇੰਸਪੈਕਟਰ ਹਰਸਿਮਰਨਜੀਤ ਸਿੰਘ ਦੀ ਯੋਗ ਅਗਵਾਈ ਹੇਠ ਥਾਣਾ ਭਦੌੜ ਪੁਲਿਸ ਨੇ 264 ਬੋਤਲਾਂ ਸਰਾਬ ਠੇਕਾ ਦੇਸੀ ਸਮੇਤ ਇੱਕ ਨੌਜਵਾਨ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਥਾਣਾ ਮੁਖੀ ਭਦੌੜ ਇੰਸਪੈਕਟਰ ਹਰਸਿਮਰਨਜੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾੜੇ ਅਨਸਰਾਂ ਖਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਏ.ਐਸ.ਆਈ. ਸੰਤੋਖ ਸਿੰਘ ਆਪਣੇ ਸਾਥੀ ਕਰਮਚਾਰੀਆਂ ਨਾਲ ਸ਼ੱਕੀ ਵਿਅਕਤੀਆਂ ਦੀ ਮੀਰੀ ਪੀਰੀ ਖਾਲਸਾ ਕਾਲਜ ਭਦੌੜ ਨਜ਼ਦੀਕ ਚੈਕਿੰਗ ਕਰ ਰਿਹਾ ਸੀ ਤਾਂ ਏ.ਐਸ.ਆਈ. ਸੰਤੋਖ ਸਿੰਘ ਨੂੰ ਇੱਕ ਖ਼ਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਗੁਰਵਿੰਦਰ ਸਿੰਘ ਉਰਫ ਕਮਾਂਡੋ ਪੁੱਤਰ ਪਰਮਜੀਤ ਸਿੰਘ ਵਾਸੀ ਭਦੌੜ ਜੋ ਨਜਾਇਜ ਸ਼ਰਾਬ ਵੇਚਣ ਦਾ ਧੰਦਾ ਕਰਦਾ ਹੈ, ਜੇਕਰ ਉਸ ਉੱਪਰ ਹੁਣੇ ਰੇਡ ਕੀਤੀ ਜਾਵੇ ਤਾਂ ਉਸ ਪਾਸੋਂ ਭਾਰੀ ਮਾਤਰਾ ਵਿੱਚ ਸਰਾਬ ਸਮੇਤ ਕਾਬੂ ਕੀਤਾ ਜਾ ਸਕਦਾ ਹੈ ਤਾਂ ਸਹਾਇਕ ਥਾਣੇਦਾਰ ਸੰਤੋਖ ਸਿੰਘ ਵੱਲੋਂ ਤੁਰੰਤ ਰੇਡ ਕੀਤੀ ਗਈ ਅਤੇ ਗੁਰਵਿੰਦਰ ਸਿੰਘ ਉਰਫ ਕਮਾਂਡੋ ਤੋਂ ਨਜ਼ਾਇਜ਼ 264 ਬੋਤਲਾਂ ਸ਼ਰਾਬ ਠੇਕਾ ਦੇਸੀ ਬਰਾਮਦ ਕੀਤੀਆਂ ਗਈਆਂ, ਜਿਸ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਉਨਾਂ ਅੱਗੇ ਦੱਸਿਆ ਕਿ ਕਥਿੱਤ ਦੋਸ਼ੀ ਖਿਲਾਫ ਥਾਣਾ ਭਦੌੜ ਵਿੱਚ ਮੁਕੱਦਮਾ ਨੰਬਰ 40 ਮਿਤੀ 17-05-2026 ਧਾਰਾ 61,1/14 ਐਕਸਾਇਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਕਥਿੱਤ ਦੋਸੀ ਨੂੰ ਅੱਜ ਮਾਨਯੋਗ ਅਦਾਲਤ ਬਰਨਾਲਾ ਵਿਖੇ ਪੇਸ ਕੀਤਾ ਜਾਵੇਗਾ ਅਤੇ ਪੁਲਿਸ ਰਿਮਾਂਡ ਲਿਆ ਜਾਵੇਗਾ, ਜਿਸ ਦੌਰਾਨ ਇਸ ਕਥਿੱਤ ਦੋਸ਼ੀ ਪਾਸੋਂ ਹੋਰ ਵੀ ਨਸ਼ੀਲਾ ਪਦਾਰਥ ਮਿਲਣ ਦੀ ਸੰਭਾਵਨਾ ਜਿਤਾਈ ਜਾ ਰਹੀ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਲਈ ਕੀਤੀ ਹੌਂਸਲਾ ਅਫ਼ਜ਼ਾਈ



ਬਰਨਾਲਾ, 19 ਮਈ (ਸੁਖਵਿੰਦਰ ਸਿੰਘ ਭੰਡਾਰੀ): ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸੰਘੇੜਾ (ਬਰਨਾਲਾ) ਵਿਖੇ ਸੰਸਥਾਂ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਭੋਲਾ ਸਿੰਘ ਵਿਰਕ ਦੀ ਰਹਿਨੁਮਾਈ ਹੇਠ ਅਤੇ ਸਕੂਲ ਪ੍ਰਿੰਸੀਪਲ ਡਾ. ਰਵਿੰਦਰ ਕੌਰ ਜਵੰਧਾ ਜੀ ਦੀ ਦੇਖ ਰੇਖ ਹੇਠ ਸੰਸਥਾਂ ਦੇ +2 ਕਲਾਸ ਦਾ ਨਤੀਜਾ ਵਧੀਆ ਆਉਣ ਤੇ ਖ਼ੁਸ਼ੀ ਪ੍ਰਗਟ ਕਰਦਿਆਂ ਹੋਇਆ ਭੋਲਾ ਸਿੰਘ ਵਿਰਕ ਨੇ ਵਿਦਿਆਰਥੀਆਂ ਦਾ ਮਾਣ ਵਧਾਇਆ। ਸੰਸਥਾਂ ਪ੍ਰਧਾਨ ਭੋਲਾ ਸਿੰਘ ਵਿਰਕ ਦੂਰ-ਅੰਦੇਸ਼ੀ ਅਤੇ ਸਮਾਜ ਸੇਵੀ ਸਖ਼ਸ਼ੀਅਤ ਦੇ ਮਾਲਕ ਜਿਨ੍ਹਾਂ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਸੀ.ਸੈ ਸਕੂਲ ਸੰਘੇੜਾ (ਬਰਨਾਲਾ) ਸੰਸਥਾਵਾਂ ਚੱਲ ਰਹੀਆਂ ਹਨ। ਆਰਟਸ ਗਰੁੱਪ ਦੀਆਂ ਵਿਦਿਆਰਥਣਾਂ ਨੇ ਸਕੂਲ ਵਿੱਚੋਂ ਚੰਗੇ ਅੰਕ ਪ੍ਰਾਪਤ ਕੀਤੇ ਜਿਸ ਵਿੱਚ ਅਵਨੀਤ ਕੌਰ ਪੁੱਤਰੀ ਪਰਮਿੰਦਰ ਸਿੰਘ ਨੇ 90% ਨੰਬਰ ਲੈ ਕੇ ਪਹਿਲਾ ਸਥਾਨ ਗੁਨਰੀਤ ਕੌਰ ਪੁੱਤਰੀ ਸੁਖਵੀਰ ਸਿੰਘ ਨੇ 88.4% ਨੰਬਰ ਲੈ ਕੇ ਦੂਸਰਾ ਸਥਾਨ ਅਤੇ ਪਰਮੀਨ ਕੌਰ ਪੁੱਤਰੀ ਹਰਦੀਪ ਸਿੰਘ ਨੇ 85% ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਕਾਮਰਸ ਗਰੁੱਪ ਦੇ ਵਿਦਿਆਰਥੀ ਸਿਮਰਨਜੀਤ ਕੌਰ ਪੁੱਤਰੀ ਹਰਦੀਪ ਸਿੰਘ ਨੇ 87% ਨੰਬਰ ਲੈ ਕੇ ਪਹਿਲਾ ਸਥਾਨ ਮਨਜਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਨੇ 74.4% ਨੰਬਰ ਲੈ ਕੇ ਦੂਸਰਾ ਸਥਾਨ ਅਤੇ ਨਵਜੋਤ ਕੌਰ ਪੁੱਤਰੀ ਸੁਖਜੀਤ ਸਿੰਘ ਨੇ 72.4% ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸੰਸਥਾਂ ਪ੍ਰਧਾਨ ਭੋਲਾ ਸਿੰਘ ਵਿਰਕ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ। ਕਾਲਜ ਪ੍ਰਿੰਸੀਪਲ ਡਾ. ਸਰਬਜੀਤ ਸਿੰਘ ਕੁਲਾਰ ਅਤੇ ਕਾਲਜ ਸੁਪਰਡੰਟ ਰੁਪਿੰਦਰ ਕੁਮਾਰ ਅਤੇ ਸਮੂਹ ਸਕੂਲ ਸਟਾਫ ਮੈਂਬਰ ਲੈਕ. ਰਾਜਵੀਰ ਕੌਰ, ਲੈਕ. ਹਰਜੀਤ ਕੌਰ, ਲੈਕ. ਸੀਮਾ ਰਾਣੀ, ਲੈਕ. ਬੇਅੰਤ ਕੌਰ, ਲੈਕ. ਹਰਪ੍ਰੀਤ ਕੌਰ, ਲੈਕ: ਜਸਵੀਰ ਕੌਰ ਅਤੇ ਗਗਨਦੀਪ ਸਿੰਘ ਹਾਜ਼ਰ ਰਹੇ।

# ਨਗਰ ਕੌਂਸਲ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਦਾਗ਼ ਰਹੇ ਹਨ ਬੇਲੋੜੇ ਬਿਆਨ, ਪੁਲਿਸ ਪ੍ਰਸ਼ਾਸਨ ਚੌਕਸ

ਭਦੌੜ, 19 ਮਈ (ਸੁਖਵਿੰਦਰ ਪਲਾਹਾ) : ਸਾਹਿਬ ਪੂਰੇ ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਦੇ ਨਾਮਜਦਗੀ ਪੱਤਰ ਵਾਪਸ ਲੈਣ ਦੀ ਆਖਰੀ ਤਰੀਕ ਤੋਂ ਬਾਅਦ ਸਾਰੇ ਹੀ ਸ਼ਹਿਰਾਂ ਵਿੱਚ ਚੋਣ ਅਖਾੜੇ ਪੂਰੀ ਤਰ੍ਹਾਂ ਭਖ ਚੁੱਕੇ ਹਨ ।ਇਸੇ ਤਰ੍ਹਾਂ ਹੀ ਨਗਰ ਕੌਂਸਲ ਭਦੌੜ ਦੇ 13 ਵਾਰਡਾਂ ਵਿੱਚ ਮਾਹੌਲ ਪੂਰੀ ਤਰ੍ਹਾਂ ਚਰਮਸੀਮਾ ਤੇ ਪਹੁੰਚ ਚੁੱਕਾ ਹੈ ।ਇਸ ਵਾਰ ਨਗਰ ਕੌਂਸਲ ਭਦੌੜ ਦੇ 13 ਵਾਰਡਾਂ ਵਿੱਚੋਂ ਪੰਜ ਵਾਰਡ ਅਤਿ ਸੰਵੇਦਨਸ਼ੀਲ ਮੰਨੇ ਜਾ ਰਹੇ ਹਨ, ਜਿਨਾਂ ਵਿੱਚ ਵਾਰਡ ਨੰਬਰ 2, ਵਾਰਡ ਨੰਬਰ 4, ਵਾਰਡ ਨੰਬਰ ,ਵਾਰਡ ਨੰਬਰ 6, ਵਾਰਡ ਨੰਬਰ 13 ਸ਼ਾਮਿਲ ਹਨ ਕਿਉਂਕਿ ਇਹਨਾਂ ਵਾਰਡਾਂ ਵਿੱਚ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਨੂੰ ਛੱਡ ਕੇ ਬਾਕੀ ਪਾਰਟੀਆਂ ਦੇ ਉਮੀਦਵਾਰ ਇਹ ਕਹਿ ਰਹੇ ਹਨ ਕਿ ਸੱਤਾ ਦੇ ਨਸ਼ੇ ਦੇ ਜੋਰ ਵਿੱਚ ਵਿਰੋਧੀ ਉਮੀਦਵਾਰ ਵੋਟਰਾਂ ਨੂੰ ਭਰਮਾਉਣ ਲਈ ਅਤੇ ਵੋਟਰਾਂ ਨੂੰ ਡਰਾਉਣ ਲਈ ਕਿਸੇ ਹੱਦ ਤੱਕ ਜਾ ਸਕਦੇ ਹਨ। ਬੇਸ਼ੱਕ ਕੁਝ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਦਾ ਇਹ ਕਹਿਣਾ ਹੈ ਕਿ ਅਸੀਂ ਤਾਂ ਸਿਰਫ ਐਲਾਨ ਹੀ ਕਰਵਾਉਣਾ ਹੈ ਜਿੱਤ ਭਾਵੇਂ ਕਿਸੇ ਵੀ ਉਮੀਦਵਾਰ ਦੀ ਕਿਉਂ ਨਾ ਹੋਵੇ, ਅਸੀਂ ਪਹਿਲਾਂ ਹੀ ਜਿੱਤੇ ਹੋਏ ਹਾਂ, ਪਰ ਇਸ ਵਾਰ ਪਹਿਲਾਂ ਵਾਂਗ ਐਲਾਨ ਕਰਾਉਣੇ ਕੋਈ @ਖਾਲ੍ਹਾ ਜੀ ਦਾ ਵਾੜਾ@ ਨਹੀਂ ਕਿਉਂਕਿ ਬਾਕੀ ਪਾਰਟੀਆਂ ਅਕਾਲੀ ਦਲ, ਬੀਜੇਪੀ, ਕਾਂਗਰਸ ਅਤੇ ਕੁੱਝ ਆਜ਼ਾਦ ਉਮੀਦਵਾਰ ਵੀ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝ ਰਹੇ ਕਿਉਂਕਿ ਉਹਨਾਂ ਨੇ ਪਿਛਲੀਆਂ ਨਗਰ ਕੌਂਸਲ ਚੋਣਾਂ ਤੋਂ ਬਹੁਤ ਕੁੱਝ ਸਿੱਖ ਕੇ ਹੀ ਚੋਣ ਮੈਦਾਨ ਵਿੱਚ ਪੂਰੀ ਤਿਆਰੀ ਨਾਲ ਉਤਰੇ ਹਨ। ਥਾਣਾ ਭਦੌੜ ਦੇ ਮੁਖੀ ਇੰਸਪੈਕਟਰ ਹਰਸਿਮਰਨਜੀਤ ਸਿੰਘ ਮਹਿਰੋਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਦੌੜ ਪੁਲਿਸ ਪ੍ਰਸ਼ਾਸਨ ਨਗਰ ਕੌਂਸਲ ਚੋਣਾਂ ਪੂਰੀ ਤਰ੍ਹਾਂ ਅਮਨ ਅਮਾਨ ਨਾਲ ਪਵਾਉਣ ਪੂਰੀ ਤਰ੍ਹਾਂ ਵਚਨਵੱਧ ਹੈ ਅਤੇ ਕਿਸੇ ਵੀ ਘਟਨਾ ਜਾਂ ਹੁੱਲੜਬਾਜ਼ੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

